ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ੴ


ਲੜੀ/ਅੰਕ ਨੰ: 17/06    ਜੂਨ 2017 – ਨਾਨਕਸ਼ਾਹੀ ਜੇਠ-ਹਾੜ 549


## ਇਤਿਹਾਸਿਕ ਦਿਹਾੜੇ

### ਜੂਨ ਅਤੇ ਜੁਲਾਈ 2017

| | | |
|---|---|---|
| ਜਨਮ ਭਗਤ ਕਬੀਰ ਜੀ | ੨੭ ਜੇਠ | 9 ਜੂਨ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | ੨੮ ਜੇਠ | 10 ਜੂਨ |
| ਸ਼ਹੀਦੀ ਬਾਬਾ ਬੰਦਾ ਸਿੰਘ ਬਹਾਦੁਰ | ੧੧ ਹਾੜ | 25 ਜੂਨ |
| ਸਿਰਜਣਾ ਦਿਵਸ ਸ੍ਰੀ ਅਕਾਲ ਤਖਤ ਸਾਹਿਬ | ੧੮ ਹਾੜ | 2 ਜੁਲਾਈ |
| ਮੀਰੀ ਪੀਰੀ ਦਿਵਸ ਪਾਤਸ਼ਾਹੀ ਛੇਵੀਂ | ੧੯ ਹਾੜ | 3 ਜੁਲਾਈ |
| ਸ਼ਹੀਦੀ ਭਾਈ ਮਨੀ ਸਿੰਘ ਜੀ | ੨੫ ਹਾੜ | 9 ਜੁਲਾਈ |
| ਸ਼ਹੀਦੀ ਭਾਈ ਤਾਰੂ ਸਿੰਘ ਜੀ | ੧ ਸਾਵਣ | 16 ਜੁਲਾਈ |
| ਪ੍ਰਕਾਸ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ | ੩ ਸਾਵਣ | 18 ਜੁਲਾਈ |


www.gurmatparsar.com

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803

ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,

ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438

Join us at Facebook or mail at : gurmatparsar7@gmail.com

# ਆਸਾੜੁ ਤਪੰਦਾ ਤਿਸੁ ਲਗੈ ......(ਜੀਵਨ-ਜੁਗਤਿ)

ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥
ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥
ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥
ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥
ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥
ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥
ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ ॥
ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ ॥
ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥੫॥ (ਅੰਗ ੧੩੪)

**ਪਦ ਅਰਥ** :- ਨਾਹੁ-ਖਸਮ । ਜਗ ਜੀਵਨ ਪੁਰਖ - ਜਗਤ ਦਾ ਸਹਾਰਾ ਪ੍ਰਭੂ । ਸੰਦੀ-ਦੀ । ਦੁਯੈ ਭਾਇ-(ਪ੍ਰਭੂ ਤੋਂ ਬਿਨਾ ਕਿਸੇ) ਦੂਜੈ ਪਿਆਰ ਵਿਚ । ਵਿਗੁਚੀਐ- ਆਰ ਹੋਈਦਾ ਹੈ । ਗਲਿ-ਗਲ ਵਿਚ । ਲੁਣੈ-ਵੱਢਦਾ ਹੈ । ਮਥੈ-ਮੱਥੇ ਉਤੇ । ਰੈਣਿ-ਰਾਤ, ਉਮਰ । ਕੌ-ਨੂੰ । ਭੇਟੀਐ-ਮਿਲਦਾ ਹੈ । ਸਾਧੂ-ਗੁਰੂ । ਖਲਾਸੁ-ਸੁਰ ਰੂ, ਆਦਰ-ਜੋਗ । ਪ੍ਰਭ-ਹੇ ਪ੍ਰਭੂ। ਹੋਇ-ਬਣੀ ਰਹੇ । ਜਿਸੁ ਮਨਿ-ਜਿਸ ਦੇ ਮਨ ਵਿਚ । ਨਿਰਾਸ-ਟੁੱਟੇ ਹੋਏ ਦਿਲ ਵਾਲਾ ।

**ਅਰਥ** :- ਹਾੜ ਦਾ ਮਹੀਨਾ ਉਸ ਜੀਵ ਨੂੰ ਤਪਦਾ ਪ੍ਰਤੀਤ ਹੁੰਦਾ ਹੈ (ਉਹ ਬੰਦੇ ਹਾੜ ਦੇ ਮਹੀਨੇ ਵਾਂਗ ਤਪਦੇ-ਕਲਪਦੇ ਰਹਿੰਦੇ ਹਨ) ਜਿੰਨ੍ਹਾਂ ਦੇ ਹਿਰਦੇ ਵਿਚ ਪ੍ਰਭੂ-ਪਤੀ ਨਹੀਂ ਵੱਸਦਾ, ਜੇਹੜੇ ਜਗਤ-ਦੇ-ਸਹਾਰੇ ਪਰਮਾਤਮਾ (ਦਾ ਆਸਰਾ) ਛੱਡ ਕੇ ਬੰਦਿਆਂ ਦੀਆਂ ਆਸਾਂ ਬਣਾਈ ਰੱਖਦੇ ਹਨ ।

(ਪ੍ਰਭੂ ਤੋਂ ਬਿਨਾ) ਕਿਸੇ ਹੋਰ ਦੇ ਆਸਰੇ ਰਿਹਾਂ ਖ਼ੁਆਰ ਹੀ ਹੋਈਦਾ ਹੈ, (ਜੋ ਭੀ ਕੋਈ ਹੋਰ ਸਹਾਰਾ ਤੱਕਦਾ ਹੈ) ਉਸ ਦੇ ਗਲ ਵਿਚ ਜਮ ਦੀ ਫਾਹੀ ਪੈਂਦੀ ਹੈ (ਉਸ ਦਾ ਜੀਵਨ ਸਦਾ ਸਹਮ ਵਿਚ ਬੀਤਦਾ ਹੈ) । (ਕੁਦਰਤਿ ਦਾ ਨਿਯਮ ਹੀ ਐਸਾ ਹੈ ਕਿ) ਮਨੁੱਖ ਜੇਹਾ ਬੀਜ ਬੀਜਦਾ ਹੈ, (ਕੀਤੇ ਕਰਮਾਂ ਅਨੁਸਾਰ) ਜੇਹੜਾ ਲੇਖ ਉਸ ਦੇ ਮੱਥੇ ਉੱਤੇ ਲਿਖਿਆ ਜਾਂਦਾ ਹੈ, ਉਹੋ ਜਿਹਾ ਫਲ ਉਹ ਪ੍ਰਾਪਤ ਕਰਦਾ ਹੈ । (ਜਗਜੀਵਨ ਪੁਰਖ ਨੂੰ ਵਿਸਾਰਨ ਵਾਲੀ ਜੀਵ-ਇਸਤ੍ਰੀ ਦੀ) ਸਾਰੀ ਜਿੰਦਗੀ ਪਛੁਤਾਵਿਆਂ ਵਿਚ ਹੀ ਗੁਜਰਦੀ ਹੈ, ਉਹ ਜਗਤ ਤੋਂ ਟੁੱਟੇ ਹੋਏ ਦਿਲ ਨਾਲ ਹੀ ਤੁਰ ਪੈਂਦੀ ਹੈ ।

ਜਿੰਨ੍ਹਾਂ ਬੰਦਿਆਂ ਨੂੰ ਗੁਰੂ ਮਿਲ ਪੈਂਦਾ ਹੈ, ਉਹ ਪਰਮਾਤਮਾ ਦੀ ਹਜੂਰੀ ਵਿਚ ਸੁਰ ਰੂ ਹੁੰਦੇ ਹਨ (ਆਦਰ-ਮਾਣ ਪਾਂਦੇ ਹਨ) ।

ਹੇ ਪ੍ਰਭੂ ! (ਤੇਰੇ ਅੱਗੇ) ਨਾਨਕ ਦੀ ਬੇਨਤੀ ਹੈ-ਆਪਣੀ ਮਿਹਰ ਕਰ, (ਮੇਰੇ ਮਨ ਵਿਚ) ਤੇਰੇ ਦਰਸਨ ਦੀ ਤਾਂਘ ਬਣੀ ਰਹੇ, (ਕਿਉਂਕਿ) ਹੇ ਪ੍ਰਭੂ ! ਤੈਥੋਂ ਬਿਨਾ ਮੇਰਾ ਕੋਈ ਹੋਰ ਆਸਰਾ-ਪਰਨਾ ਨਹੀਂ ਹੈ ।

ਜਿਸ ਮਨੁੱਖ ਦੇ ਮਨ ਵਿਚ ਪ੍ਰਭੂ ਦੇ ਚਰਨਾਂ ਦਾ ਨਿਵਾਸ ਬਣਿਆ ਰਹੇ, ਉਸ ਨੂੰ (ਤਪਦਾ) ਹਾੜ (ਭੀ) ਸੁਹਾਵਣਾ ਜਾਪਦਾ ਹੈ (ਉਸ ਨੂੰ ਦੁਨੀਆ ਦੇ ਦੁੱਖ-ਕਲੇਸ਼ ਭੀ ਦੁਖੀ ਨਹੀਂ ਕਰ ਸਕਦੇ) । ੫ ।

# ਗੁਰੂ ਹਰਿਗੋਬਿੰਦ ਸਾਹਿਬ ਜੀ

ਪ੍ਰੋਫ਼ੈਸਰ ਸਾਹਿਬ ਸਿੰਘ ,ਡੀ. ਲਿਟ.

(੧) ਬਲਵੰਡ ਅਤੇ ਸੱਤਾ ਦੋ ਰਬਾਬੀ ਗੁਰੂ ਅਰਜਨ ਸਾਹਿਬ ਦੇ ਦਰਬਾਰ ਵਿੱਚ ਗੁਰਬਾਣੀ ਦਾ ਕੀਰਤਨ ਕਰਿਆ ਕਰਦੇ ਸਨ। ਆਪਣੇ ਕੰਮ ਵਿੱਚ ਇਹ ਚੰਗੇ ਸਿਆਣੇ ਸਨ, ਇਸ ਵਾਸਤੇ ਸਿਖ ਸੰਗਤਾਂ ਵਿੱਚ ਇਹਨਾਂ ਦਾ ਕਾਫ਼ੀ ਮਾਣ-ਆਦਰ ਬਣਿਆ ਹੋਇਆ ਸੀ। ਪਰ ਮਾਣ-ਆਦਰ ਨੂੰ ਜਰਨਾ ਬਹੁਤ ਔਖਾ ਹੁੰਦਾ ਹੈ। ਆਮ ਤੌਰ ਤੇ ਮਨੁੱਖ ਹਉਮੈ ਦੇ ਕਾਬੂ ਆ ਹੀ ਜਾਂਦਾ ਹੈ।

ਜਦੋਂ ਗੁਰੂ ਰਾਮਦਾਸ ਜੀ ਨੇ ਆਪਣੇ ਜੋਤੀ ਜੋਤਿ ਸਮਾਣ ਦੇ ਦਿਨ ਨੇੜੇ ਆਉਂਦੇ ਵੇਖੇ, ਤਾਂ ਉਹਨਾਂ ਗੁਰੂ ਨਾਨਕ ਦੇਵ ਜੀ ਦੀ ਚਲਾਈ ਮਰਯਾਦਾ ਅਨੁਸਾਰ ਪਰਖ ਦੀ ਕਸਵੱਟੀ ਵਰਤ ਕੇ ਗੁਰੂ ਅਰਜਨ ਸਾਹਿਬ ਨੂੰ ਆਪਣੇ ਥਾਂ ਗੁਰਿਆਈ ਦੀ ਜ਼ਿੰਮੇਵਾਰੀ ਸੌਂਪੀ। ਪਰ ਇਹਨਾਂ ਦੇ ਵੱਡੇ ਭਾਈ ਬਾਬਾ ਪ੍ਰਿਥੀ ਚੰਦ ਜੀ ਨੇ ਉਮਰੋਂ ਵੱਡੇ ਹੋਣ ਦੇ ਕਾਰਨ ਗੁਰਿਆਈ ਉੱਤੇ ਆਪਣਾ ਹੱਕ ਸਮਝਿਆ। ਇਸੇ ਕਾਰਨ ਇਹ ਕਈ ਵਾਰ ਪਿਤਾ-ਗੁਰੂ ਰਾਮਦਾਸ ਜੀ ਦੇ ਨਾਲ ਖਰ੍ਹਵੇ ਭੀ ਹੋਏ, ਪਰ ਕਾਮਯਾਬੀ ਨਾ ਹੋ ਸਕੀ।

ਗੁਰੂ ਰਾਮਦਾਸ ਜੀ ਦੇ ਜੋਤੀ ਜੋਤਿ ਸਮਾਵਣ ਤੋਂ ਪਿਛੋਂ ਦਸਤਾਰਬੰਦੀ ਦੀ ਰਸਮ ਵੇਲੇ ਭੀ ਬਾਬਾ ਪ੍ਰਿਥੀ ਚੰਦ ਜੀ ਨੇ ਗੋਇੰਦਵਾਲ ਦੇ ਬ੍ਰਾਹਮਣਾਂ ਖੱਤ੍ਰੀਆਂ ਦੀ ਸ਼ਹਿ ਤੇ ਬੜੇ ਹੱਥ-ਪੈਰ ਮਾਰੇ, ਪਰ ਸੰਗਤਾਂ ਨੇ ਉਹਨਾਂ ਨੂੰ ਗੁਰੂ ਮੰਨਣ ਤੋਂ ਇਨਕਾਰ ਹੀ ਕੀਤਾ।

ਗੋਇੰਦਵਾਲ ਤੋਂ ਗੁਰੂ ਅਰਜਨ ਸਾਹਿਬ ਅੰਮ੍ਰਿਤਸਰ ਵਾਪਸ ਆ ਗਏ। ਬਾਬਾ ਪ੍ਰਿਥੀ ਚੰਦ ਜੀ ਨੇ ਬਾਜ਼ੀ ਹੱਥੋਂ ਗਈ ਵੇਖ ਕੇ ਇਕ ਨਵੀਂ ਚਾਲ ਚੱਲੀ। ਆਪਣੇ ਸਾਥੀਆਂ ਦੀ ਸਹਾਇਤਾ ਨਾਲ ਉਹਨਾਂ ਗੁਰੂ-ਘਰ ਦੀ ਨਾਕਾ-ਬੰਦੀ ਸ਼ੁਰੂ ਕਰ ਦਿੱਤੀ। ਜਿਉਂ ਜਿਉਂ ਦੂਰ ਦੂਰ ਇਲਾਕਿਆਂ ਵਿੱਚ ਸਿੱਖਾਂ ਨੂੰ ਗੁਰੂ ਰਾਮਦਾਸ ਜੀ ਦੇ ਜੋਤੀ ਜੋਤਿ ਸਮਾਣ ਦੀ ਖ਼ਬਰ ਅੱਪੜਦੀ ਗਈ, ਉਹ ਨਵੇਂ ਬਣੇ 'ਗੁਰੂ' ਗੁਰੂ ਅਰਜਨ ਸਾਹਿਬ ਦੇ ਦਰਸ਼ਨ ਨੂੰ ਆਉਣ ਲੱਗ ਪਏ। ਬਾਬਾ ਪ੍ਰਿਥੀ ਚੰਦ ਜੀ ਦੇ ਸਾਥੀ ਤੇ ਮਸੰਦ ਸ਼ਹਿਰੋਂ ਬਾਹਰ ਹੀ ਸਿੱਖਾਂ ਨੂੰ ਮਿਲ ਕੇ ਉਹਨਾਂ ਨੂੰ ਬਾਬਾ ਪ੍ਰਿਥੀ ਚੰਦ ਜੀ ਦੇ ਪਾਸ ਲੈ ਜਾਂਦੇ ਸਨ। ਨਵੇਂ ਓਭੜ ਸਿੱਖ ਮਾਇਆ ਦੀ ਭੇਟ ਉਥੇ ਪੇਸ਼ ਕਰ ਦੇਂਦੇ ਸਨ। ਲੰਗਰ ਦੇ ਵੇਲੇ ਉਹ ਮਸੰਦ ਸਿੱਖਾਂ ਨੂੰ ਗੁਰੂ ਅਰਜਨ ਸਾਹਿਬ ਦੇ ਲੰਗਰ ਵਿੱਚ ਲੈ ਆਉਂਦੇ ਸਨ।

ਇਹ ਖੇਡ ਸੱਤ ਅੱਠ ਮਹੀਨੇ ਜਾਰੀ ਰਹੀ। ਗੁਰੂ ਕੇ ਲੰਗਰ ਦੀ ਹਾਲਤ ਪਤਲੀ ਪੈਣ ਲੱਗ ਪਈ। ਪਰ ਗੁਰੂ ਅਰਜਨ ਦੇਵ ਜੀ ਨੇ ਕਦੇ ਮੱਥੇ ਵੱਟ ਨਹੀਂ ਪਾਇਆ। ਇਸ ਵਾਸਤੇ ਸਿੱਖ ਭੀ ਕਦੇ ਬਾਬਾ ਪ੍ਰਿਥੀ ਚੰਦ ਜੀ ਦੇ ਇਸ ਰਵੱਈਏ ਤੇ ਇਤਰਾਜ਼ ਕਰਨ ਦੀ ਹਿੰਮਤ ਨਾ ਕਰ ਸਕੇ।

ਸੱਤੇ ਰਬਾਬੀ ਨੇ ਆਪਣੀ ਲੜਕੀ ਦਾ ਵਿਆਹ ਰੱਚ ਦਿੱਤਾ। ਵੈਸਾਖੀ ਨੇੜੇ ਆਉਣ ਵਾਲੀ ਸੀ। ਵਿਆਹ ਵਾਸਤੇ ਬਲਵੰਡ ਤੇ ਸੱਤੇ ਨੇ ਸਤਿਗੁਰੂ ਜੀ ਪਾਸੋਂ ਮਾਇਆ ਮੰਗੀ। ਸੰਗ-ਸਰਫ਼ੇ ਨਾਲ ਤਾਂ ਕੰਮ ਨਜਿਠਿਆ ਜਾ ਸਕਦਾ ਸੀ; ਪਰ ਉਹਨਾਂ ਨੇ ਮਾਇਆ ਉਤਨੀ ਮੰਗੀ, ਜੋ ਉਹਨਾਂ ਦਿਨਾਂ ਦੇ ਹਾਲਾਤ ਅਨੁਸਾਰ ਉਹਨਾਂ ਨੂੰ ਮਿਲ ਨਾ ਸਕੀ।

ਰਬਾਬੀ ਰੁੱਸ ਪਏ। ਕੀਰਤਨ ਕਰਨ ਤੋਂ ਨਾਂਹ ਕਰ ਦਿੱਤੀਓ ਨੇ। ਵਿਰੋਧੀ ਧੜੇ ਵਲੋਂ ਭੀ ਕੁਝ

ਸ਼ਹਿ ਮਿਲੀ ਹੀ ਹੋਵੇਗੀ। ਗੁਰੂ ਅਰਜਨ ਦੇਵ ਜੀ ਉਹਨਾਂ ਨੂੰ ਮਨਾਣ ਵਾਸਤੇ ਆਪ ਚੱਲ ਕੇ ਉਹਨਾਂ ਦੇ ਘਰ ਗਏ। ਪਰ ਉਹ ਅਹੰਕਾਰ ਵਿੱਚ ਆ ਗਏ। ਗੁਰੂ ਪਾਤਿਸ਼ਾਹ ਦੀ ਬਜ਼ੁਰਗੀ ਸਮਝਣ ਦੇ ਥਾਂ ਉਹਨਾਂ ਸਗੋਂ ਗੁਰੂ ਨਾਨਕ ਦੇਵ ਜੀ ਦੀ ਸ਼ਾਨ ਵਿੱਚ ਭੀ ਕੁਬੋਲ ਵਰਤੇ।

ਉਹਨਾਂ ਦੇ ਇਸ ਅਹੰਕਾਰ ਦਾ ਨਤੀਜਾ ਇਹ ਨਿਕਲਿਆ ਕਿ ਸਤਿਗੁਰੂ ਜੀ ਦੇ ਦਿੱਤੇ ਹੁਕਮ ਅਨੁਸਾਰ ਸਿੱਖਾਂ ਸੰਗਤਾਂ ਨੇ ਬਲਵੰਡ ਸੱਤੇ ਨੂੰ ਮੂੰਹੋਂ ਲਾਹ ਦਿੱਤਾ। ਉਹਨਾਂ ਦਾ ਇਹ ਮਾਣ ਟੁੱਟ ਗਿਆ ਕਿ ਸਿੱਖ ਆਪੇ ਆਪਣੀ ਲੋੜ ਨੂੰ ਕੀਰਤਨ ਸੁਣਨ ਉਹਨਾਂ ਦੇ ਘਰ ਆਇਆ ਕਰਨਗੇ। ਕੀਰਤਨ ਹੀ ਉਹਨਾਂ ਦੀ ਅਜੀਵਿਕਾ ਦਾ ਵਸੀਲਾ ਸੀ। ਲੱਗੇ ਭੁੱਖੇ ਮਰਨ। ਆਖ਼ਰ ਲਾਹੌਰ ਦੇ ਪਰਸਿੱਧ ਪਰਉਪਕਾਰੀ ਸਿੱਖ ਭਾਈ ਲੱਧੇ ਨੂੰ ਲੈ ਕੇ ਗੁਰੂ-ਦਰ ਤੇ ਹਾਜ਼ਰ ਹੋਏ, ਤੇ ਮਾਫ਼ੀ ਮੰਗੀਓ ਨੇ।

ਉਸ ਵੇਲੇ ਉਹਨਾਂ ਨੇ ਗੁਰੂ ਦੀ ਉਪਮਾ ਵਿੱਚ ਇਕ ਵਾਰ ਲਿਖੀ, ਜੋ ਸਤਿਗੁਰੂ ਜੀ ਦੇ ਦਰਬਾਰ ਵਿੱਚ ਉਹਨਾਂ ਸੁਣਾਈ। ਇਸ ਵਾਰ ਦੀਆਂ ਕੁਲ ੮ ਪਉੜੀਆਂ ਹਨ, ਪਹਿਲੀਆਂ ੩ ਬਲਵੰਡ ਦੀਆਂ, ਅਤੇ ਅਖ਼ੀਰਲੀਆਂ ੫ ਸੱਤੇ ਦੀਆਂ। ਬਲਵੰਡ ਨੇ ਗੁਰੂ ਅੰਗਦ ਸਾਹਿਬ ਦੀ ਉਸਤਤਿ ਵਿੱਚ ਆਖਿਆ :

**ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ ॥**
**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥**

ਸੱਤੇ ਨੇ ਗੁਰੂ ਰਾਮਦਾਸ ਜੀ ਦੀ ਉਸਤਤਿ ਕਰਦਿਆਂ ਆਖਿਆ :

**ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥**
**ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ ॥**
**ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ ॥**
**ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ ॥**
**ਜਿਨ੍ਹੀ ਤੂੰ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ ॥**
**ਲਬੁ ਲੋਭੁ ਕਾਮੁ ਕ੍ਰੋਧੁ ਮੋਹੁ ਮਾਰਿ ਕਢੇ ਤੁਧੁ ਸਪਰਵਾਰਿਆ ॥**
**ਧੰਨੁ ਸੁ ਤੇਰਾ ਥਾਨੁ ਹੈ ਸਚੁ ਤੇਰਾ ਪੈਸਕਾਰਿਆ ॥**
**ਨਾਨਕੁ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ ॥**
**ਗੁਰੁ ਡਿਠਾ ਤਾਂ ਮਨੁ ਸਾਧਾਰਿਆ ॥੭॥ਰਾਮਕਲੀ ਕੀ ਵਾਰ:੩ (ਬਲਵੰਡ ਸਤਾ) ੯੬੮**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਛੇ ਗੁਰੂ ਸਾਹਿਬਾਨ ਦੀ ਬਾਣੀ ਦਰਜ ਹੈ। ਸਭ ਨੇ ਹੀ ਆਪਣਾ ਨਾਮ 'ਨਾਨਕ' ਹੀ ਲਿਖਿਆ ਹੈ।

ਸਿੱਖ ਕੌਮ ਦਾ ਅਕੀਦਾ ਹੈ ਕਿ ਸਾਰੇ ਗੁਰ-ਵਿਅਕਤੀਆਂ ਦੀ ਇਕੋ ਹੀ ਜੋਤਿ ਤੇ ਇਕੋ ਹੀ ਜੁਗਤਿ ਹੈ।

(੨) ਪਰ ਪਹਿਲੀ ਵਾਰ ਦੇ ਅਖ਼ੀਰ ਵਿੱਚ ਆਪਣੇ ਵਕਤ ਦੇ ਗੁਰੂ ਸਾਹਿਬਾਨ ਦਾ ਜ਼ਿਕਰ ਕਰਦੇ ਹੋਏ ਭਾਈ ਗੁਰਦਾਸ ਜੀ ਗੁਰੂ ਹਰਿਗੋਬਿੰਦ ਸਾਹਿਬ ਦਾ ਜ਼ਿਕਰ ਇਓਂ ਕਰਦੇ ਹਨ :

**ਪੰਜ ਪਿਆਲੇ ਪੰਜ ਪੀਰ, ਛਟਮ ਪੀਰੁ ਬੈਠਾ ਗੁਰੁ ਭਾਰੀ ॥**
**ਅਰਜਨ ਕਾਇਆ ਪਲਟਿ ਕੈ, ਮੂਰਤਿ ਹਰਿ ਗੋਬਿੰਦ ਸਵਾਰੀ ॥**
**ਚਲੀ ਪੀੜ੍ਹੀ ਸੋਢੀਆਂ, ਰੂਪੁ ਦਿਖਾਵਣਿ ਵਾਰੋ ਵਾਰੀ ॥**
**ਦਲ-ਭੰਜਨ ਗੁਰ ਸੂਰਮਾ, ਵਡ ਜੋਧਾ [redacted] ਪਰਉਪਕਾਰੀ ॥੪੮॥ (੧)**

ਇਹ ਪੜ੍ਹ ਕੇ ਭੁਲੇਖਾ ਪੈ ਸਕਦਾ ਹੈ-ਕੀ ਗੁਰੂ ਹਰਿਗੋਬਿੰਦ ਸਾਹਿਬ ਜੀ ਬਾਕੀ ਗੁਰੂ ਸਾਹਿਬਾਨ ਨਾਲੋਂ 'ਭਾਰੀ ਗੁਰੂ' ਸਨ, ਵੱਡੇ ਗੁਰੂ ਸਨ ?

ਫਿਰ ਸਾਰੇ ਗੁਰ-ਵਿਅਕਤੀਆਂ ਦੀ ਇਕੋ ਜੋਤਿ ਕਿਵੇਂ ਹੋਈ ?

ਗੁਰੂ ਜ਼ਿੰਦਗੀ ਦਾ ਦਰਿਆ ਹੈ । ਇਸ ਦਾ ਨਿਸ਼ਾਨਾ ਹੈ "ਅਥਾਹ ਸਮੁੰਦਰ ਤੋਂ ਚੱਲ ਕੇ ਫਿਰ ਉਸ ਸਮੁੰਦਰ ਵਿੱਚ ਹੀ ਜਾ ਮਿਲਣਾ" । ਇਹੀ ਜਾਚ ਗੁਰੂ ਸਾਹਿਬ ਆਮ ਲੋਕਾਂ ਨੂੰ ਸਿਖਾਣ ਆਏ ਸਨ ।

ਪਰ ਜਦੋਂ ਦਰਿਆ ਦੇ ਵਹਿਣ ਦੇ ਰਸਤੇ ਵਿੱਚ ਕੋਈ ਚਟਾਨ ਆ ਜਾਂਦੀ ਹੈ ਤਾਂ ਉਥੇ ਦਰਿਆ ਦਾ ਪਾਣੀ ਚਟਾਨ ਦੇ ਉਤੋਂ ਦੀ ਉਛਲ ਕੇ 'ਆਬਸ਼ਾਰ' ਬਣ ਜਾਂਦਾ ਹੈ, ਤੇ ਵੇਖਣ ਨੂੰ ਬਾਕੀ ਦੇ ਵਹਿਣ ਨਾਲੋਂ ਵਧੀਕ ਸੋਹਣਾ ਜਾਪਦਾ ਹੈ । ਅਸਲ ਵਿੱਚ ਇਹ ਸਾਰਾ ਇਕੋ ਹੀ ਜਲ ਹੈ ।

(੩) ਸਤਿਗੁਰੂ ਨਾਨਕ ਦੇਵ ਜੀ ਨੇ ਆ ਕੇ ਵੇਖਿਆ ਕਿ ਕ੍ਰੋੜਾਂ ਗਰੀਬ ਬੰਦੇ ਪੈਰਾਂ ਹੇਠ ਲਤਾੜੇ ਜਾ ਰਹੇ ਸਨ । ਸਭ ਬੰਦਿਆਂ ਵਿੱਚ ਪਰਮਾਤਮਾ ਦਾ ਦਰਸ਼ਨ ਕਰਨ ਵਾਲੇ ਗੁਰੂ ਪਾਤਿਸ਼ਾਹ ਵਾਸਤੇ ਬੰਦਿਆਂ ਦੀ ਇਹ ਨਿਰਾਦਰੀ ਅਸਹਿ ਸੀ ।

ਗਰੀਬਾਂ ਦੀ ਬਾਂਹ ਫੜਨ, ਵਾਲਾ ਇਹ ਉਦਮ ਜਿਉਂ ਜਿਉਂ ਤੇਜ਼ ਹੁੰਦਾ ਗਿਆ, ਤਿਉਂ ਤਿਉਂ ਗੁਰੂ-ਘਰ ਦੀ ਵਿਰੋਧਤਾ ਵਧਦੀ ਗਈ । ਆਖ਼ਰ ਜਦੋਂ ਜਹਾਂਗੀਰ ਹਿੰਦੁਸਤਾਨ ਦੇ ਤਖ਼ਤ ਉੱਤੇ ਬੈਠਾ, ਤਾਂ ਉਸ ਨੂੰ ਖ਼ਿਆਲ ਬਣ ਗਿਆ ਕਿ ਸਿੱਖ-ਧਰਮ ਕਿਤੇ ਉਸ ਦੀ ਹਕੂਮਤ ਵਾਸਤੇ ਖ਼ਤਰਾ ਹੀ ਨਾ ਬਣ ਜਾਏ, ਇਸ ਨੂੰ ਹੁਣੇ ਹੀ ਮੁਜਾਣਾ ਚੰਗਾ ਰਹੇਗਾ । ਉਸ ਨੇ ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕਰ ਦਿੱਤਾ । ਸਤਿਗੁਰੂ ਜੀ ਨੇ ਖਿੜੇ ਮੱਥੇ ਬੜੇ ਬੜੇ ਸਖ਼ਤ ਤਸੀਹੇ ਸਹਾਰੇ ।

ਕੁਰਬਾਨੀ ਦਾ ਭਾਵ ਹੁੰਦਾ ਹੀ ਇਹ ਹੈ ਕਿ ਜਾਬਰਾਂ ਵਲੋਂ ਦਿੱਤੇ ਜਾ ਰਹੇ ਦੁੱਖ, ਸ਼ਾਂਤੀ ਨਾਲ ਸਹਾਰ ਕੇ ਕਠੋਰ ਹਿਰਦਿਆਂ ਵਿੱਚ ਇਨਸਾਨੀ ਦਰਦ ਪੈਦਾ ਕੀਤਾ ਜਾਏ । ਪਰ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਨਾਲ ਮੁਗ਼ਲ ਹਾਕਮਾਂ ਦੇ ਕਠੋਰ ਦਿਲਾਂ ਵਿੱਚ ਕੋਈ ਫ਼ਰਕ ਨਾ ਪਿਆ । ਸ਼ਖ਼ਸੀ ਰਾਜ ਤੇ ਆਈਨੀ ਰਾਜ ਵਿੱਚ ਇਹ ਇਕ ਵੱਡਾ ਫ਼ਰਕ ਹੈ । ਆਈਨੀ ਰਾਜ ਵਾਲੇ ਬੰਦੇ ਜ਼ਾਲਮ ਹੁੰਦਿਆਂ ਭੀ ਇਹ ਪਰਗਟ ਕਰਨ ਦਾ ਜਤਨ ਕਰਦੇ ਹਨ ਕਿ ਜੋ ਕੁਝ ਹੋ ਰਿਹਾ ਹੈ, ਕਾਨੂੰਨ ਅਨੁਸਾਰ ਹੈ । ਸ਼ਖ਼ਸੀ ਰਾਜ ਵਿੱਚ ਬਾਦਸ਼ਾਹ ਦੀ ਜ਼ਾਤੀ ਮਰਜ਼ੀ ਹੀ ਕਾਨੂੰਨ ਹੁੰਦਾ ਹੈ । ਆਈਨੀ ਰਾਜ ਵਿੱਚ ਹਕੂਮਤ ਕਾਨੂੰਨ ਦੇ ਅਧੀਨ ਹੁੰਦੀ ਹੈ, ਸ਼ਖ਼ਸੀ ਹਕੂਮਤ ਵਿੱਚ ਕਾਨੂੰਨ ਹਾਕਮ ਦੇ ਅਧੀਨ ਹੁੰਦਾ ਹੈ ।

ਅਜਿਹੀ ਸ਼ਖ਼ਸੀ ਹੈਂਕੜ ਭੰਨਣ ਵਾਸਤੇ ਆਖ਼ਰ ਸ਼ਾਂਤ-ਮਈ ਕੁਰਬਾਨੀ ਤੋਂ ਪਿਛੋਂ ਤਰੀਕਾ ਬਦਲਾਣਾ ਹੀ ਪੈਂਦਾ ਹੈ । ਭਾਈ ਗੁਰਦਾਸ ਜੀ ਲਿਖਦੇ ਹਨ:

**ਜਿਉ ਕਰਿ ਖੂਹਹੁ ਨਿਕਲੈ ਗਲਿ ਬਧੇ ਪਾਣੀ।**
**ਜਿਉ ਮਣਿ ਕਾਲੇ ਸਪ ਸਿਰਿ ਹਸਿ ਦੇਇ ਨ ਜਾਣੀ।**
**ਜਾਣ ਕਥੂਰੀ ਮਿਰਗ ਤਨਿ ਮਰਿ ਮੁਕੈ ਆਣੀ।**
**ਤੇਲ ਤਿਲਹੁ ਕਿਉ ਨਿਕਲੈ ਵਿਣੁ ਪੀੜੇ ਘਾਣੀ।**
**ਜਿਉ ਮੁਹੁ ਭੰਨੇ ਗਰੀ ਦੇ ਨਲੀਏਰੁ ਨਿਸਾਣੀ।**
**ਬੇਮੁਖ ਲੋਹਾ ਸਾਧੀਐ ਵਗਦੀ ਵਾਦਾਣੀ ॥੧੩॥ (ਵਾਰ ੩੪ ਪਉੜੀ ੧੩)**

(੪) ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਲਈਆਂ । ਇਹ 'ਤਲਵਾਰ' ਉਸ ਚਟਾਨ ਨੂੰ ਦੂਰ ਕਰਨ ਲਈ ਸੀ, ਜੋ ਹਾਕਮਾਂ ਨੇ ਇਨਸਾਨੀਅਤ ਦੇ ਪੱਧਰੇ ਵਹਿਣ ਦੇ ਰਾਹ ਵਿੱਚ ਖੜੀ ਕੀਤੀ ਹੋਈ ਸੀ । ਗੁਰੂ ਅਰਜਨ ਦੇਵ ਜੀ ਦੀ ਅਦੁੱਤੀ ਸ਼ਹੀਦੀ ਨੇ ਭੀ ਜਾਬਰਾਂ ਦੇ ਦਿਲ ਵਿੱਚ ਮਨੁੱਖਤਾ ਦਾ ਹੁਲਾਰਾ ਪੈਦਾ ਨਾ ਕੀਤਾ ।

(ੳ) ਪਰ ਇਸ ਤਲਵਾਰ ਦੇ ਹੇਠ ਮੁਲਕ-ਗੀਰੀ ਦੀ ਕੋਈ ਹਵਸ ਨਹੀਂ ਸੀ । ਉਂਜ ਤਾਂ ਹਿੰਦੂ-ਮੱਤ ਸਿਖਾਂਦਾ ਹੈ ਕਿ ਕਿਸੇ ਨਾ ਕਿਸੇ ਟਿਕਾਣੇ ਤੇ ਆ ਕੇ ਮਨੁੱਖ ਉੱਜੜੇ, ਘਰ ਛੱਡੇ । ਜੇ ਗੋਪੀ ਚੰਦ ਭਰਥਰੀ ਵਾਂਗ ਪਹਿਲਾਂ ਨਹੀਂ, ਤਾਂ ਪਿਛਲੀ ਉਮਰੇ ਹੀ 'ਸੰਨਿਆਸ' ਧਾਰੇ । ਪਰ ਸਿੱਖ-ਗੁਰੂ ਵੱਸਣ ਦੀ ਜਾਚ ਸਿਖਾ ਗਏ । ਹਿੰਦੂ ਵਿਹਾਰ ਵੇਲੇ ਲੋਕਾਂ ਨਾਲ ਮਿਲਦਾ ਹੈ, ਪਰ 'ਧਰਮ' ਵੇਲੇ ਇਕੱਲਾ ਕਿਸੇ ਮੰਦਰ ਜਾਂ ਨਿਵੇਕਲੇ ਥਾਂ ਬੈਠਦਾ ਹੈ । ਸਿੱਖ ਵਿਹਾਰ ਵਿੱਚ ਚਾਹੇ ਇਕੱਲਾ ਹੋਵੇ ਚਾਹੇ ਲੋਕਾਂ ਨਾਲ, ਪਰ 'ਧਰਮ' ਵੇਲੇ, ਬੰਦਗੀ ਵੇਲੇ ਸਵੇਰੇ ਆਸਾ ਦੀ ਵਾਰ ਦੀ ਸੰਗਤਿ ਵਿੱਚ ਬੈਠਦਾ ਹੈ ਅਤੇ ਸ਼ਾਮ ਨੂੰ ਰਹਰਾਸਿ ਦੀ ਸੰਗਤਿ ਵਿੱਚ ।

ਸੋ, ਗੁਰੂ ਨੇ ਵੱਸਣਾ ਸਿਖਾਇਆ, ਸ਼ਹਿਰ ਵਸਾਏ-ਕਰਤਾਰਪੁਰ, ਗੋਇੰਦਵਾਲ, ਅੰਮ੍ਰਿਤਸਰ, ਤਰਨ ਤਾਰਨ, ਕਰਤਾਰਪੁਰ, ਕੀਰਤਪੁਰ, ਹਰਿਗੋਬਿੰਦਪੁਰ, ਅਨੰਦਪੁਰ ।

ਪਰ ਆਪਣੀ ਜ਼ਾਤੀ ਮਲਕੀਅਤ ਕਿਤੇ ਨਹੀਂ ਬਣਾਈ । ਸੋ, ਗੁਰੂ ਹਰਿਗੋਬਿੰਦ ਸਾਹਿਬ ਦੀ ਤਲਵਾਰ ਦੇ ਹੇਠ ਮੁਲਕ-ਗੀਰੀ ਦੀ ਹਵਸ ਨਹੀਂ ਸੀ ।

(ਅ) ਸਤਿਗੁਰੂ ਜੀ ਦੇ ਅੰਦਰ ਮਜ਼ਹਬ ਦਾ ਤਅੱਸੁਬ ਭੀ ਨਹੀਂ ਸੀ :

(1) ਹਰਿਗੋਬਿੰਦਪੁਰ ਵਸਾਣ ਵੇਲੇ ਮਸਜਿਦ ਭੀ ਬਣਵਾਈ ।

(2) ਪੈਂਧੇ ਖ਼ਾਂ ਨੂੰ ਅਖ਼ੀਰ ਵੇਲੇ 'ਕਲਮਾ' ਪੜ੍ਹਨ ਲਈ ਆਖਿਆ ।

(ੲ) ਉਹਨਾਂ ਦੀ ਤਲਵਾਰ ਦੇ ਹੇਠ ਜ਼ਾਤੀ ਗੁੱਸਾ ਭੀ ਨਹੀਂ ਸੀ :

(੧) ਜਦੋਂ ਭੀ ਜਹਾਂਗੀਰ ਨੇ ਸੁਲਹ ਦਾ ਹੱਥ ਵਧਾਇਆ, ਖ਼ਲਕਤਿ ਦੇ ਸੁਖ ਨੂੰ ਹੀ ਮੁਖ ਰਖਿਆ । ਗੁਰੂ ਅਰਜਨ ਸਾਹਿਬ ਨੂੰ ਤਸੀਹੇ ਮਿਲਣ ਤੇ ਵੀ, ਗਵਾਲੀਅਰ ਖ਼ੁਦ ਕੈਦ ਰਹਿਣ ਤੇ ਭੀ, ਫਿਰ ਜਹਾਂਗੀਰ ਨਾਲ ਸੁਲਹ ਰੱਖੀ ।

(੨) ਪਰ ਜਦੋਂ ਸ਼ਾਹ ਜਹਾਨ ਦੇ ਵੇਲੇ ਮੁਗ਼ਲ ਹਾਕਮਾਂ ਨੇ ਕਟਕ ਚੜ੍ਹਾ ਭੇਜੇ, ਤਾਂ ਇਨ੍ਹਾਂ ਨੂੰ ਭੀ 'ਜੀ ਆਇਆਂ' ਆਖਿਆ । ਲੜੇ ਭੀ ਕ੍ਰੋਧ ਨਾਲ ਨਹੀਂ । ਮੁਸਲਮਾਨੀ ਇਤਿਹਾਸ ਹੀ ਗਵਾਹ ਹੈ । ਮੁਹਸਨ ਫ਼ਾਨੀ ਲਿਖ ਗਿਆ ਹੈ ਕਿ ਕਰਤਾਰਪੁਰ ਵਾਲੇ ਜੰਗ ਵਿੱਚ ਕਾਲੇ ਖ਼ਾਂ ਨਾਲ ਇਉਂ ਲੜ ਰਹੇ ਸਨ ਜਿਵੇਂ ਇਕ ਸ਼ਾਗਿਰਦ ਨੂੰ ਤਲਵਾਰ ਚਲਾਨ ਦੀ ਜਾਚ ਸਿਖਾ ਰਹੇ ਹਨ । ਕਹਿੰਦੇ ਹਨ, ਕਾਲੇ ਖ਼ਾਂ ।

**ਚੁਨਾਂ ਨ ਬਾਸ਼ਦ, ਚੁਨੀਂ ਬਾਸ਼ਦ ॥**

**ਧੰਨਵਾਦਿ ਸਾਹਿਤ ਵਿਚੋਂ :- ਬਾਬਾਣੀਆਂ ਕਹਾਣੀਆਂ**

# ਛੂਤ-ਛਾਤ ਤੇ ਖਾਲਸਾ

ਗੁਣੀ ਨਿਧਾਨੁ ਖਾਲਸਾ

ਜਿੱਥੇ ਇੱਕ ਮਨੁੱਖ ਦੂਸਰੇ ਦੇ ਨਾਲ ਛੋਹ ਕੇ ਅਪਵਿੱਤਰ ਹੋ ਜਾਏ। ਬੰਦਾ ਦੂਸਰੇ ਦੇ ਪਰਛਾਵੇਂ ਤੋਂ ਡਰਦਾ ਫਿਰੇ ਕਿ ਇਹ ਪਰਛਾਵਾਂ ਪੈ ਗਿਆ ਤਾਂ ਮੈਂ ਭ੍ਰਿਸ਼ਟ ਹੋ ਜਾਵਾਂਗਾ। ਇਸ ਦੇ ਪਰਛਾਵੇਂ ਨਾਲ ਮੇਰਾ ਭੋਜਨ ਭਿਟਿਆ ਜਾਵੇਗਾ ਉਥੇ ਦਿਲਾਂ ਦੀ ਕੀ ਸਾਂਝ ਹੋ ਸਕਦੀ ਹੈ ਅਤੇ ਜੀਵਨ ਦੇ ਉਸਾਰੂ ਕੰਮ ਕਿਵੇਂ ਹੋ ਸਕਦੇ ਹਨ ?

ਜੀਵਨ ਸੰਗਰਾਮ ਵਿੱਚ ਸਾਥੀਆਂ ਦੀ ਲੋੜ ਹੈ ਅਤੇ ਹਰ ਸਾਥੀ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰੇ ਤਾਂ ਹੀ ਇਹ ਦੁਨੀਆਂ ਇਕ ਸੁੰਦਰ ਸੁਹਾਵਣੀ ਤੇ ਸੁਖੀ ਦੁਨੀਆਂ ਬਣ ਸਕਦੀ ਹੈ। ਜਿੱਥੇ ਬੰਦੇ ਦੇ ਮਨ ਵਿੱਚ ਬੰਦੇ ਵਾਸਤੇ ਨਫ਼ਰਤ ਹੋਵੇ ਉਥੇ ਸ਼ੁਭ ਗੁਣਾਂ ਦਾ ਪਲਰਨਾ। ਮੌਲਣਾ ਬੜਾ ਹੀ ਮੁਸ਼ਕਿਲ ਹੈ। ਨਫ਼ਰਤ ਤੇ ਘ੍ਰਿਣਾ ਦੀ ਐਸੀ ਅਗਨੀ ਹੈ ਜਿੱਥੇ ਸ਼ੁਭ ਗੁਣਾਂ ਦਾ ਕੋਈ ਵੀ ਫੁੱਲ ਖਿੜਿਆ ਨਹੀਂ ਰਹਿ ਸਕਦਾ।

ਅੱਜ ਛੋਟਾ ਪਰਿਵਾਰ ਸੁਖੀ ਪਰਿਵਾਰ ਦੀ ਵਿਚਾਰ ਮਨੁੱਖ ਦੇ ਮਨ ਤੇ ਪ੍ਰਭਾਵ ਪਾ ਰਹੀ ਹੈ। ਛੋਟਾ ਪਰਿਵਾਰ ਥੋੜ੍ਹੇ ਬੱਚੇ ਹੋਣ ਤਾਂ ਮਨੁੱਖ ਉਨ੍ਹਾਂ ਨੂੰ ਠੀਕ ਪੜ੍ਹਾ ਲਿਖਾ ਕੇ ਕੁਝ ਬਣਾ ਸਕਦਾ ਹੈ। ਪਰ ਪੁਰਾਣੇ ਸਮੇਂ ਵਿੱਚ ਛੋਟਾ ਪਰਿਵਾਰ ਉਸ ਚਿੜੀ ਵਰਗਾ ਸੀ ਜਿਹੜੀ ਆਲ੍ਹਣੇ ਵਿਚੋਂ ਨਿਕਲੀ ਤੇ ਉਸ ਨੂੰ ਹਰ ਪੰਖੀ ਹਰ ਜਾਨਵਰ ਕੋਲੋਂ ਖ਼ਤਰਾ ਹੈ। ਜ਼ਮੀਨ ਤੇ ਵੀ ਖ਼ਤਰਾ ਹੈ ਅਕਾਸ਼ ਵਿੱਚ ਵੀ ਖ਼ਤਰਾ ਹੈ। ਵੱਡੇ ਪਰਿਵਾਰਾਂ ਦੀ ਮਹਿਮਾ ਸੀ। ਲੱਖ ਪੁੱਤਰ ਤੇ ਸਵਾ ਲੱਖ ਪੋਤਰਾ, ਐਸੇ ਪਰਿਵਾਰ ਸਨ। ਅਜੇ ਕੱਲ੍ਹ ਦੀ ਗੱਲ ਹੈ ਕਿ ਬ੍ਰਿਟਿਸ਼ ਰਾਜ ਵਿੱਚ ਜਿਸ ਦੇ ਬਾਰਾਂ ਪੁੱਤਰ ਹੁੰਦੇ ਸਨ ਉਸ ਨੂੰ ਇੱਕ ਮੁਰੱਬਾ ਜਮੀਨ ਇਨਾਮ ਮਿਲਦੀ ਸੀ। ਅੰਗਰੇਜ਼ ਸਮਝਦੇ ਸਨ ਜਮੀਨ ਵੀ ਇਥੇ ਦੀ ਹੈ। ੧੨ ਕੁਰਬਾਨੀ ਦੇ ਬਕਰੇ ਤਿਆਰ ਕਰਕੇ ਦੇ ਰਿਹਾ ਹੈ ਜੋ ਜੰਗ ਵਿੱਚ ਅੰਗਰੇਜ਼ਾਂ ਦੀ ਥਾਂ ਲੜ ਕੇ ਮਰਨਗੇ। ਉਹ ਲਾਲਚ ਦੇ ਕੇ ਇੱਕ ਗੱਲ ਸਾਡੇ ਦਿਮਾਗ ਵਿੱਚ ਪਾ ਗਿਆ ਕਿ ਗਿਣਤੀ ਵਧਾਉ ਤੇ ਗਿਣਤੀ ਇੰਨੀ ਵਧ ਰਹੀ ਹੈ ਕਿ ਸ਼ਾਇਦ ਇਹ ਵਧੀ ਹੋਈ ਮਨੁੱਖਤਾ ਦੀ ਗਿਣਤੀ ਇਕ ਦਿਨ ਆਪਣੇ ਆਪ ਨੂੰ ਆਪ ਹੀ ਖਾ ਜਾਏਗੀ।

ਖ਼ੈਰ ਅਸੀਂ ਵੀ ਵਿਚਾਰ ਕਰ ਰਹੇ ਸਾਂ ਕਿ ਪਿਛੇ ਵੱਡੇ ਪਰਿਵਾਰਾਂ ਦੀ ਮਹਾਨਤਾ ਸੀ, ਹੱਥੀਂ ਲੜਨਾ ਹੁੰਦਾ ਸੀ। ਪੜ੍ਹਨ-ਲਿਖਣ ਦੀ ਇੰਨੀ ਮਹਿਮਾ ਨਹੀਂ ਸੀ। ਪੜ੍ਹਾਈ ਤਾਂ ਬ੍ਰਾਹਮਣਾਂ ਦੇ ਹੱਥ ਵਿੱਚ ਸੀ। ਸ਼ਸਤਰ ਚਲਾਉਣ ਦੀ ਮਹਾਨਤਾ ਸੀ। ਉਸ ਵੇਲੇ ਜਦੋਂ ਬੰਦੇ ਨੂੰ ਬੰਦੇ ਦੀ ਅਤਿਅੰਤ ਲੋੜ ਸੀ, ਇਸ ਦੇ ਸੁਚ ਭਿੱਟ ਦੇ ਖ਼ਿਆਲ ਨੇ ਬੰਦੇ ਦਾ ਚੌਥਾ ਅੰਗ ਬਿਲਕੁਲ ਹੀ ਨਕਾਰਾ ਕਰਕੇ ਰੱਖ ਦਿੱਤਾ ਸੀ।

ਸਿਰ ਤੇ ਮਾਰੂ ਦੁਸ਼ਮਣ ਗੱਜ ਰਹੇ ਹੋਣ ਤਾਂ ਉਸ ਵੇਲੇ ਜਿਹੜਾ ਬੰਦਾ ਬਾਕੀ ਸਰੀਰ ਨੂੰ ਨਿਢਾਲ ਕਰਕੇ ਇੱਕ ਹੱਥ ਨਾਲ ਹੀ ਲੜੇ ਕੀ ਉਹ ਸਫ਼ਲ ਹੋ ਸਕਦਾ ਹੈ ? ਨਹੀਂ ਅਸੀਂ ਐਸੇ ਸਮੇਂ ਤਾਂ ਆਪਣੇ ਪ੍ਰਾਣਾਂ ਤੱਕ ਲਗਾ ਕੇ ਮੁਕਾਬਲਾ ਕਰਦੇ ਹਾਂ। ਕੋਈ ਹਥਿਆਰ ਵੀ ਕੰਮ ਆ ਸਕੇ, ਵਰਤਦੇ ਹਾਂ। ਪਰ ਸਾਡੇ ਦੇਸ਼ ਦੇ ਆਗੂਆਂ ਨੇ ਐਸੀ ਗ਼ਲਤੀ ਕੀਤੀ ਕਿ ਉਹਦਾ ਇਵਜ਼ ਸਦੀਆਂ ਤੱਕ ਭੁਗਤਣਾ ਪਿਆ। ਬੰਦਿਆਂ ਨੂੰ ਪਸ਼ੂਆਂ ਵਾਂਗ ਗ਼ੁਲਾਮ ਹੋ ਕੇ ਜੀਣਾ ਪਿਆ।

ਬ੍ਰਾਹਮਣ ਨੇ ਕਸ਼ੱਤਰੀ ਦੇ ਮੱਥੇ ਤੇ ਹੰਕਾਰ ਦਾ ਟਿੱਕਾ ਲਾ ਦਿੱਤਾ ਕਿ ਕਸ਼ੱਤਰੀ ਹੀ ਰਖਵਾਲਾ ਹੈ। ਕਸ਼ੱਤਰੀ ਹੀ ਲੜ ਸਕਦਾ ਹੈ। ਹਾਲਾਂਕਿ ਇਹ ਗੱਲ ਬਿਲਕੁਲ ਗ਼ਲਤ ਹੈ ਅਤੇ ਪੁਰਾਣੀਆਂ ਲਿਖਤਾਂ ਹੀ ਇਸ ਨੂੰ ਝੁਠਲਾ ਰਹੀਆਂ ਹਨ। ਇਕੀ ਵਾਰ ਪਰਸਰਾਮ ਨੇ ਕਸ਼ੱਤਰੀਆਂ ਦਾ ਕਤਲੇਆਮ ਕੀਤਾ ਸੀ। ਧਰਤੀ ਛਤ੍ਰੀਆਂ ਤੋਂ ਵਿਰਲੀ ਕਰ ਦਿੱਤੀ ਸੀ। ਪਰਸਰਾਮ ਬ੍ਰਾਹਮਣ ਹੈ ਕਸ਼ੱਤਰੀ ਨਹੀਂ। ਇਹ ਗੱਲ

ਸਾਫ਼ ਹੋ ਗਈ ਕਿ ਬ੍ਰਾਹਮਣ ਕਸ਼ੱਤਰੀਆਂ ਤੋਂ ਵੀ ਚੰਗਾ ਲੜ ਸਕਦਾ ਹੈ ਅਤੇ ਲੜਿਆਂ ਸ਼ੂਦਰ ਵੀ ਕਸ਼ੱਤਰੀਆਂ ਤੋਂ ਚੰਗਾ ਲੜ ਸਕਦਾ ਹੈ।

ਏਕਲਵਯ ਨੂੰ ਤੀਰ ਚਲਾਉਂਦਾ ਵੇਖ ਕੇ ਅਰਜਨ ਹੈਰਾਨ ਹੋ ਗਿਆ ਸੀ, ਅਚਾਰੀਆ ਦ੍ਰੋਣ ਨੇ ਛੱਲ ਨਾਲ ਉਸ ਕੋਲੋਂ ਉਸ ਦੇ ਸੱਜੇ ਹੱਥ ਦਾ ਅੰਗੂਠਾ ਗੁਰ ਦੀਖਿਆ ਵਜੋਂ ਭੇਟ ਵਿੱਚ ਲੈ ਲਿਆ ਸੀ। ਉਹ ਤੀਰ ਚਲਾਉਣ ਜੋਗਾ ਨਹੀਂ ਸੀ ਰਿਹਾ। ਇਹ ਸਭ ਕੁਝ ਉਸ ਡਰ ਦੇ ਕਾਰਨ ਸੀ ਕਿ ਕਲ੍ਹ ਸਾਹਮਣਾ ਹੋ ਗਿਆ ਤਾਂ ਇਸ ਦਾ ਮੁਕਾਬਲਾ ਕਰਨ ਵਾਲਾ ਕੌਰਵਾਂ ਤੇ ਪਾਡਵਾਂ ਵਿੱਚ ਕੋਈ ਵੀ ਨਹੀਂ।

ਚੌਥਾ ਹਿੱਸਾ ਦੇਸ਼ ਦੀ ਰਖਵਾਲੀ ਕਰਦਾ ਸੀ ਉਹ ਵੀ ਜ਼ਾਲਮ ਤੇ ਅਯਾਸ਼ ਹੋ ਚੁੱਕਾ ਸੀ ਦੇਸ਼ ਕਿਵੇਂ ਬੱਚਦਾ। ਬ੍ਰਾਹਮਣ ਦੀ ਤਾਲੀਮ ਨੇ ਇਕ ਵਿਤਕਰਾ ਪੈਦਾ ਕਰ ਦਿੱਤਾ ਸੀ। ਇਕਬਾਲ ਨੇ ਸੱਚ ਹੀ ਕਿਹਾ ਹੈ-

ਸੱਚ ਕਹਿਦੂ ਐ ਬ੍ਰਹਮਣ ਗਰ ਤੂ ਬੁਰਾ ਨਾ ਮਾਨੇ।
ਤੇਰੇ ਸਨਮ ਕੱਦ ਕਿ ਬੁਤ ਹੋ ਗਏ ਪੁਰਾਨੇ।
ਅਪਨੋਂ ਸੇ ਬੈਰ ਕਰਨਾ ਤੂਨੇ ਬੁਤੋਂ ਸੇ ਸੀਖਾ।
ਜੰਗੋਂ ਜ਼ਦਲ ਸਿਖਾਇਆ ਵਾਇਜ਼ ਕੋ ਭੀ ਖ਼ੁਦਾ ਨੇ।
ਤੰਗ ਆ ਕੇ ਮੈਨੇ ਦੈਰੋ ਹਰਮ ਕੋ ਛੋੜਾ।
ਵਅਜ਼ ਕੀ ਵਾਅਜ਼ ਛੋੜੀ ਛੋੜੇ ਤੇਰੇ ਫ਼ਸਾਨੇ। -ਇਕਬਾਲ

ਇਹ ਘ੍ਰਿਣਾ ਇਥੇ ਤੱਕ ਚਲੀ ਗਈ ਕਿ ਮਨੁੱਖ ਦਾ ਜੀਵਨ ਮੰਤਾਪ ਬਣ ਗਿਆ ਸੀ। ਮਨੁੱਖ ਨਾਲ ਪਸ਼ੂਆਂ ਤੋਂ ਵੀ ਭੈੜਾ ਵਿਵਹਾਰ ਕੀਤਾ ਜਾਂਦਾ ਸੀ। ਗਊ ਮਾਤਾ ਆਖ ਕੇ ਪੂਜੀ ਜਾਂਦੀ ਸੀ। ਪੰਛੀਆਂ ਵਿਚੋਂ ਗਰੁੜ ਦੀ ਪੂਜਾ ਹੁੰਦੀ ਸੀ ਪਰ ਮਨੁੱਖ ਮਾਤਾ ਨੂੰ ਧ੍ਰਿਕਾਰਿਆ ਜਾਂਦਾ ਸੀ।

ਇਸਤਰੀ ਤੇ ਸ਼ੂਦਰ ਅਪਵਿੱਤਰ ਹਨ ਇਹ ਵੇਦ ਮੰਤਰ ਨਹੀਂ ਪੜ੍ਹ ਸਕਦੇ।

ਇਸਤ੍ਰੀ ਸ਼ੂਦਰੋਂ ਪਲੀਤਸ ਵੇਦ ਮੰਤ੍ਰ ਵਿਵਰਜਤੇ।

ਗੁਰੂ ਨਾਨਕ ਦੇਵ ਜੀ ਜਦੋਂ ਪਹਿਲੀ ਉਦਾਸੀ ਲਈ ਤੁਰੇ ਸਨ ਤਾਂ ਇਹ ਮਸਲਾ ਸਾਹਮਣੇ ਆ ਗਿਆ ਕਿ ਭਾਈ ਲਾਲੋ ਸ਼ੂਦਰ ਹੈ ਉਸ ਦੇ ਘਰ ਠਹਿਰਨਾ ਤੇ ਖਾਣਾ ਕਿਸੇ ਸਾਧੂ ਲਈ ਯੋਗ ਨਹੀਂ। ਸਤਿਗੁਰਾਂ ਨੇ ਕਿਹਾ ਸੀ ਕਿ ਸਾਰੇ ਸੈਦਪੁਰ ਵਿੱਚ ਅਸਲ ਇਨਸਾਨ ਜੇ ਕੋਈ ਹੈ ਤਾਂ ਉਹ ਭਾਈ ਲਾਲੋ ਹੈ। ਜੇ ਕਿਸੇ ਦੇ ਘਰ ਦਾ ਪ੍ਰਸ਼ਾਦਾ ਕਿਸੇ ਸਾਧੂ ਦੇ ਛੱਕਣ ਯੋਗ ਹੈ ਤਾਂ ਉਹ ਭਾਈ ਲਾਲੋ ਦੇ ਘਰ ਦਾ ਪ੍ਰਸਾਦਾ ਹੈ।

ਹਰਦੁਆਰ ਇਕ ਸਾਧੂ ਨੇ ਭਾਈ ਮਰਦਾਨੇ ਤੇ ਹਮਲਾ ਕਰ ਦਿੱਤਾ ਸੀ। ਉਸਦੇ ਬਣਾਏ ਚੌਕੇ ਤੇ ਭਾਈ ਮਰਦਾਨੇ ਦਾ ਪਰਛਾਵਾਂ ਪੈ ਗਿਆ ਸੀ। ਸਤਿਗੁਰਾਂ ਨੇ ਉਸ ਸਾਧੂ ਨੂੰ ਸਮਝਾਇਆ ਸੀ। ਵਿਕਾਰ ਰੂਪ ਅਸਲ ਸ਼ੂਦਰ ਤਾਂ ਤੇਰੇ ਅੰਦਰ ਹੀ ਹਨ। ਤੂੰ ਜਿਸ ਚੌਂਕੇ ਤੇ ਬੈਠੇਗਾ ਉਹ ਚੌਂਕਾ ਤਾਂ ਭ੍ਰਿਸ਼ਟ ਹੋ ਹੀ ਜਾਏਗਾ। ਤੈਨੂੰ ਭਾਈ ਮਰਦਾਨੇ ਦੇ ਪਰਛਾਵੇਂ ਤੋਂ ਤਾਂ ਡਰ ਲੱਗਦਾ ਹੈ ਪਰ ਤੂੰ ਅੱਜ ਤੱਕ ਆਪਣੇ ਹਿਰਦੇ ਵੱਲ ਨਹੀਂ ਵੇਖਿਆ ਕਿ ਤੇਰੇ ਅੰਦਰ ਕੀ ਹੈ।

ਕੁਬੁਧਿ ਡੂਮਣੀ ਕੁਦਇਆ ਕਸਾਇਣਿ
ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ ॥

ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ ॥
ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ ॥
ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ ॥੧॥
ਸਿਰੀਰਾਗੁ ਕੀ ਵਾਰ (ਮਃ ੧)- ਅੰਗ ੯੧

ਜੀਵਨ ਵਿੱਚ ਜਦੋਂ ਸੱਚ ਆ ਉਤਰਦਾ ਹੈ ਤਾਂ ਮਨੁੱਖ ਸਚਿਆਰ ਹੋ ਜਾਂਦਾ ਹੈ । ਹਿਰਦੇ ਵਿੱਚ ਸੱਚ ਆ ਵੱਸਦਾ ਹੈ ਤਾਂ ਰੋਮ-ਰੋਮ ਵਿਚੋਂ ਸੱਚ ਹੀ ਪ੍ਰਗਟ ਹੁੰਦਾ ਹੈ । ਫਿਰ ਸੱਚ ਆਪਣਾ ਸੱਚਾ ਮਾਰਗ ਆਪ ਬਣਾਉਂਦਾ ਹੈ । ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਬਲਸ਼ਾਲੀ ਮਨੁੱਖ ਜਿਨ੍ਹਾਂ ਦੀਆਂ ਬਾਹਾਂ ਵਿੱਚ ਬਲ ਹੈ, ਛਾਤੀ ਵਿੱਚ ਜ਼ੋਰ ਹੈ, ਲੱਤਾਂ ਵਿੱਚ ਚੱਲਣ ਦੀ ਸਮਰੱਥਾ ਹੈ, ਸਰੀਰ ਦਾ ਇਕ-ਇਕ ਅੰਗ ਸ਼ਕਤੀ ਨਾਲ ਭਰਪੂਰ ਹੈ । ਉਹ ਬੰਦੇ ਪਹਾੜਾਂ ਨੂੰ ਤੋੜਦੇ ਹੋਏ ਰਸਤੇ ਬਣਾ ਲੈਂਦੇ ਹਨ । ਉਹ ਬੰਦੇ ਜੰਗਲਾਂ ਨੂੰ ਕੱਟ ਕੇ ਰਸਤੇ ਬਣਾ ਲੈਂਦੇ ਹਨ । ਉਹ ਬੰਦੇ ਸਮੁੰਦਰਾਂ ਨੂੰ ਪਾਰ ਕਰ ਜਾਂਦੇ ਹਨ ।

ਪਰ ਜਿਹੜੇ ਬੰਦੇ ਅਪਾਹਜ ਹਨ ਸ਼ਕਤੀਹੀਨ ਹਨ ਜਾਂ ਮਨ ਕਰਕੇ ਹੀ ਆਲਸੀ ਹਨ ਉਨ੍ਹਾਂ ਬੰਦਿਆਂ ਦੇ ਸਾਹਮਣੇ ਸੰਵਰਿਆ ਹੋਇਆ ਰਸਤਾ ਵੀ ਕਿਉਂ ਨਾ ਹੋਵੇ ਉਹ ਉਸ ਰਸਤੇ ਤੇ ਚੱਲ ਹੀ ਨਹੀਂ ਸਕਦੇ । ਉਹ ਹਰ ਹਾਲਤ ਵਿੱਚ ਰੁਕਣਾ ਹੀ ਜਾਣਦੇ ਹਨ, ਚੱਲਣਾ ਨਹੀਂ ।

ਜੀਵਨ ਵਿੱਚ ਸੱਚ ਨਾ ਹੋਵੇ ਤਾਂ ਕਿੰਨੇ ਸੰਜਮ ਰੱਖੋ ਜੇ ਅੰਦਰ ਸੱਚ ਨਹੀਂ ਤਾਂ ਹਰ ਸੰਜਮ ਪਾਖੰਡ ਬਣ ਜਾਏਗਾ । ਇਹੀ ਕਾਰਨ ਹੈ ਕਿ ਸੰਜਮੀ ਬੰਦੇ ਅਕਸਰ ਪਾਖੰਡੀ ਹੁੰਦੇ ਹਨ ਅਤੇ ਸਚਿਆਰ ਬੰਦੇ ਸੱਚੇ ਸੰਜਮੀ ਹੁੰਦੇ ਹਨ । ਜੀਵਨ ਵਿੱਚ ਪਹਿਲਾਂ ਸੱਚ ਆਵੇ ਫਿਰ ਉਸ ਸੱਚ ਵਿਚੋਂ ਸੰਜਮ ਜਨਮੇਗਾ ਜਿਵੇਂ ਫੁੱਲ ਵਿਚੋਂ ਫਲ ਨਿਕਲਦਾ ਹੈ ।

ਸਾਅਦੀ ਲਿਖਦੇ ਹਨ ਇਕ ਮੁਸਲਮਾਨ ਦੰਪਤੀ ਨੇ ਰੋਜ਼ਾ ਰਖਿਆ ਛੋਟਾ ਜਿਹਾ ਮਾਸੂਮ ਬੱਚਾ ਸੀ ਉਸ ਨੇ ਜ਼ਿੱਦ ਕੀਤੀ ਕਿ ਮੈਂ ਵੀ ਰੋਜ਼ਾ ਰਖਾਂਗਾ । ਪਿਤਾ ਨੇ ਉਸ ਨੂੰ ਵੀ ਸਮਝਾਇਆ ਅਤੇ ਆਪਣੀ ਬੀਵੀ ਨੂੰ ਵੀ ਕਿਹਾ ਕਿ ਇਹ ਅਜੇ ਛੋਟਾ ਹੈ ਇਹ ਰੋਜ਼ਾ ਨਾ ਹੀ ਰੱਖੇ ਤਾਂ ਚੰਗਾ ਹੈ । ਬੱਚੇ ਨੇ ਜ਼ਿੱਦ ਕੀਤੀ, ਮਾਂ ਨੇ ਵੀ ਕਿਹਾ ਠੀਕ ਹੈ । ਬਾਪ ਨੂੰ ਮਜਬੂਰੀ ਵਿੱਚ ਹਾਂ ਕਰਨੀ ਪਈ । ਬੱਚੇ ਨੂੰ ਭੁੱਖ ਲੱਗੀ ਉਸ ਨੇ ਕੋਈ ਖਾਣ ਵਾਲੀ ਚੀਜ ਲਈ ਅਤੇ ਛੁਪ ਕੇ ਖਾ ਲਈ । ਬਾਪ ਵੇਖ ਰਿਹਾ ਸੀ । ਉਸ ਨੇ ਪਤਨੀ ਨੂੰ ਕਿਹਾ ਤੂੰ ਅੱਜ ਉਹ ਨੁਕਸਾਨ ਕਰ ਦਿੱਤਾ ਹੈ ਜੋ ਜ਼ਿੰਦਗੀ ਭਰ ਪੂਰਾ ਨਹੀਂ ਹੋਵੇਗਾ । ਇਹ ਬੱਚਾ ਹੁਣ ਕਦੀ ਵੀ ਸੱਚਾ ਇਨਸਾਨ ਨਹੀਂ ਬਣ ਸਕੇਗਾ । ਇਹ ਜੀਵਨ ਭਰ ਪਾਖੰਡ ਹੀ ਕਰਦਾ ਰਹੇਗਾ । ਇਸ ਦਾ ਧਰਮ ਪਾਖੰਡ ਤੋਂ ਸ਼ੁਰੂ ਹੋ ਗਿਆ ਹੈ ।

ਬੰਦੇ ਨੇ ਧਰਮ ਦੇ ਨਾਂ ਤੇ ਕਿੰਨੇ ਪਾਖੰਡ ਕੀਤੇ ਹਨ, ਕਿੰਨੇ ਭਰਮ ਪਾਲੇ ਹਨ । ਇਹ ਸਮਝਦਾ ਹੈ ਕਿ ਮਨ ਧੋਣਾ ਤਾਂ ਕੋਈ ਆਸਾਨ ਨਹੀਂ ਹੱਥ ਧੋ ਕੇ ਹੀ ਕਹਿ ਦਿਉ ਅਸੀਂ ਸੰਤ ਬਣ ਗਏ । ਬੰਦੇ ਨੇ ਤਾਂ ਸਾਰੀ ਆਤਮਿਕ ਸ਼ੁਧੀ ਪਾਣੀ ਤੇ ਹੀ ਖੜ੍ਹੀ ਕਰ ਲਈ ਹੈ । ਇਹ ਸਾਨੂੰ ਕਦੀ ਨਹੀਂ ਭੁਲਣਾ ਚਾਹੀਦਾ ਕਿ ਗੁਰਮਤਿ ਵਿੱਚ ਸੁੱਚ ਤੇ ਸਫ਼ਾਈ ਦੋ ਚੀਜ਼ਾਂ ਜ਼ਰੂਰੀ ਹਨ ਸੁੱਚ ਅੰਦਰ ਹੈ ਅਤੇ ਸੁੱਚ ਸੱਚ ਕਰਕੇ ਹੈ । ਸਫ਼ਾਈ ਬਾਹਰ ਹੈ ਅਤੇ ਸਫ਼ਾਈ ਪਾਣੀ ਕਰਕੇ ਹੈ । ਸਤਿਗੁਰੂ ਦੀ ਬਾਣੀ ਵਿੱਚ ਪ੍ਰਮਾਣ ਮਿਲਦੇ ਹਨ

**ਕਹੁ ਨਾਨਕ ਸਚੁ ਧਿਆਈਐ ॥**
**ਸੁਚਿ ਹੋਵੈ ਤਾ ਸਚੁ ਪਾਈਐ ॥੨॥ਆਸਾ ਕੀ ਵਾਰ (ਮਃ ੧) - ਅੰਗ ੪੭੨**

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥

ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥੨॥ (ਮ: ੧) - ਅੰਗ੪੬੮

ਕਹਿ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬਿਚਾਰਾ ॥੪॥੧॥੭॥

ਬਸੰਤੁ (ਭ ਕਬੀਰ - ਅੰਗ ੧੧੯੫

ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥

ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥੨॥(ਮ: ੧)ਅੰਗ ੪੭੨

ਬਾਹਰਲੀ ਸਫ਼ਾਈ ਪਾਣੀ ਕਰਕੇ ਹੈ, ਸਾਬਣ ਕਰਕੇ ਹੈ

ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥

ਮੂਤ ਪਲੀਤੀ ਕਪੜੁ ਹੋਇ ॥ ਦੇ ਸਾਬੂਣੁ ਲਈਐ ਓਹੁ ਧੋਇ ॥

ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥ਜਪੁ-ਅੰਗ ੪

ਸਤਿਗੁਰਾਂ ਨੇ ਕੋਈ ਸ਼ੱਕ ਨਹੀਂ ਰਹਿਣ ਦਿੱਤਾ, ਹੱਥ ਪੈਰ ਤਨ ਦੇਹ ਕੱਪੜੇ ਇਹ ਮੈਲੇ ਹੋ ਜਾਣ ਤਾਂ ਨਾਮ ਨਾਲ ਕਦੀ ਨਹੀਂ ਸਾਫ਼ ਹੋਣਗੇ। ਜੇ ਹੋ ਸਕਦੇ ਹੁੰਦੇ ਤਾਂ ਸਤਿਗੁਰੂ ਇਸ਼ਨਾਨ ਵਾਸਤੇ ਕਦੀ ਨਾ ਕਹਿੰਦੇ। ਸਰੀਰ ਦਾ ਆਪਣਾ ਗੁਣ ਧਰਮ ਹੈ। ਸਾਰੀ ਰਾਤ ਕੀਰਤਨ ਦਰਬਾਰ ਵਿੱਚ ਬੈਠ ਕੇ ਅੰਮ੍ਰਿਤ ਵੇਲੇ ਫਿਰ ਇਸ਼ਨਾਨ ਦੀ ਲੋੜ ਪੈਂਦੀ ਹੈ। ਤਨ ਤੇ ਕੱਪੜੇ ਪਾਣੀ ਤੇ ਸਾਬਣ ਤੋਂ ਬਿਨਾਂ ਸਾਫ਼ ਨਹੀਂ ਹੋਣੇ। ਇਸੇ ਤਰ੍ਹਾਂ ਮਨ ਨੂੰ ਜੋ ਮੈਲ ਲੱਗੀ ਹੈ ਪਾਪਾਂ ਨਾਲ ਮਤਿ ਭਰੀ ਹੈ ਉਹ ਪਾਣੀ ਨਾਲ ਸਾਫ਼ ਨਹੀਂ ਹੋਣੀ, ਉਹ ਨਾਮ ਦੇ ਪਿਆਰ ਨਾਲ ਹੀ ਸਾਫ਼ ਹੋਣੀ ਹੈ।

ਕਾਸ਼ ਕਦੀ ਬੰਦੇ ਨੂੰ ਮਤ ਦੇ ਦੀਦਾਰ ਹੋ ਜਾਣ, ਨਾਮ ਰੰਗ ਦੀ ਸੋਝੀ ਆ ਜਾਵੇ ਤਾਂ ਫਿਰ ਇਸ ਨੂੰ ਕੋਈ ਸ਼ੂਦਰ ਨਹੀਂ ਦਿਸੇਗਾ। ਫਿਰ ਤਾਂ ਇਸ ਨੂੰ ਉਹ ਜੋਤ ਨਜ਼ਰ ਆਏਗੀ ਜਿਸ ਨੂੰ ਕੋਈ ਮੈਲ ਨਹੀਂ ਲੱਗਦੀ। ਜੋ ਸਦਾ ਹੀ ਨਿਰਲੇਪ ਹੈ। ਭਗਤ ਨਾਮਦੇਵ ਜੀ ਨੇ ਉਹਨਾਂ ਸੁੱਚ ਭਿੱਟ ਮੰਨਣ ਵਾਲਿਆਂ ਨੂੰ ਹੀ ਉਸ ਬੇਢੀ ਦੇ ਇਹ ਗੁਣ ਦੱਸੇ ਹਨ।

ਮਲੈ ਨ ਲਾਛੈ ਪਾਰ ਮਲੋ ਪਰਮਲੀਓ ਬੈਠੋ ਰੀ ਆਈ ॥
ਆਵਤ ਕਿਨੈ ਨ ਪੇਖਿਓ ਕਵਨੈ ਜਾਣੈ ਰੀ ਬਾਈ ॥੧॥
ਕਉਣੁ ਕਹੈ ਕਿਣਿ ਬੂਝੀਐ ਰਮਈਆ ਆਕੁਲੁ ਰੀ ਬਾਈ ॥੧॥ ਰਹਾਉ ॥
ਜਿਉ ਆਕਾਸੈ ਪੰਖੀਅਲੋ ਖੋਜੁ ਨਿਰਖਿਓ ਨ ਜਾਈ ॥
ਜਿਉ ਜਲ ਮਾਝੈ ਮਾਛਲੋ ਮਾਰਗੁ ਪੇਖਣੋ ਨ ਜਾਈ ॥੨॥
ਜਿਉ ਆਕਾਸੈ ਘੜੂਅਲੋ ਮ੍ਰਿਗ ਤ੍ਰਿਸਨਾ ਭਰਿਆ ॥
ਨਾਮੇ ਚੇ ਸੁਆਮੀ ਬੀਠਲੋ ਜਿਨਿ ਤੀਨੈ ਜਰਿਆ ॥੩॥੨॥ਅੰਗ ੫੨੫

ਹੇ ਭੈਣ ਮੇਰੇ ਮਾਲਕ ਨੂੰ ਮੈਲ ਦਾ ਨਿਸ਼ਾਨ ਨਹੀਂ ਪਰ ਸੁਗੰਧੀ ਵਾਂਗੂੰ ਵਸਿਆ ਹੋਇਆ ਹੈ। ਪਰ ਹਿਰਦੇ ਵਿੱਚਕਦੋਂ ਆਇਆ ਕਿਸੇ ਨੇ ਨਹੀਂ ਜਾਣਿਆ, ਜਾਣ ਵੀ ਕੌਣ ਸਕਦਾ ਹੈ ਉਹ ਬਾਹਰੋਂ ਆਇਆ ਹੀ ਨਹੀਂ ਉਹ ਤਾਂ ਅੰਦਰ ਹੀ ਹੈ।

ਕਉਣ ਆਖੇ ਕਿਸ ਨੇ ਜਾਣਿਆ ਹੈ ਉਹ ਹੈ ਹਰ ਥਾਂ ਤੇ ਪੂਰਨ ਤੌਰ ਤੇ।

ਜਿਵੇ ਪੰਛੀ ਅਕਾਸ਼ ਵਿੱਚ ਉੱਡਦਾ ਹੈ ਪਰ ਮਗਰ ਕੋਈ ਨਿਸ਼ਾਨ ਨਹੀਂ ਬਚਦਾ ਹੈ । ਮੱਛੀ ਚੱਲਦੀ ਹੈ ਮਗਰ ਖੁਰਾ ਖੋਜ ਨਹੀਂ ਸੱਜਦਾ । ਰੱਬ ਵੀ ਸਾਰੇ ਵਿਚਰਦਾ ਹੈ ਪਰ ਨਿਸ਼ਾਨ ਕੋਈ ਨਹੀਂ ।

ਮਾਰੂਥਲ ਵਿੱਚ ਪਾਣੀ ਜਾਪਦਾ ਹੈ ਪਰ ਹੈ ਹੀ ਨਹੀਂ । ਮੇਰਾ ਸੁਆਮੀ ਨਾ ਵੀ ਗਿਆਨ ਇੰਦਰੀਆਂ ਦੀ ਪਕੜ ਵਿੱਚ ਆਵੇ ਫਿਰ ਵੀ ਉਸ ਦੀ ਹਸਤੀ ਹੈ ਉਸ ਨੇ ਮੇਰੇ ਤਿੰਨੇ ਤਾਪ ਸਾੜ ਦਿੱਤੇ ਹਨ।

ਜਿਸ ਨੇ ਉਸ ਨਾਲ ਨਾਤਾ ਬਣਾ ਲਿਆ ਹੈ ਭਗਤ ਨਾਮਦੇਵ ਵਰਗੇ ਭਗਤਾਂ ਦੇ ਤਾਂ ਤਿੰਨੇ ਤਾਪ ਸੜ ਗਏ ਹਨ । ਪਰ ਜਿਨ੍ਹਾਂ ਨੇ ਉਸ ਪਰਮਜੋਤ ਨੂੰ ਨਹੀਂ ਸਮਝਿਆ ਸਿਰਫ਼ ਲੋਟੇ ਹੀ ਮਾਂਜਦੇ ਰਹੇ ਤੇ ਤਨ ਧੋਂਦੇ ਰਹੇ ਉਨ੍ਹਾਂ ਨੂੰ ਤਿੰਨ ਤਾਪ ਸਾੜ ਗਏ । ਫਿਰ ਉਨ੍ਹਾਂ ਸੜਿਆ ਬੰਦਿਆਂ ਨੇ ਹਰ ਤਰ੍ਹਾਂ ਸੰਸਾਰ ਨੂੰ ਸਾੜਿਆ ਹੈ । ਐਸੇ ਬੰਦਿਆਂ ਨੇ ਸਭ ਤੋਂ ਵੱਡਾ ਗੁਨਾਹ ਕੀਤਾ ਹੈ ਹਾਫ਼ਜ਼ ਕਹਿੰਦੇ ਹਨ ਤੂੰ ਸ਼ਰਾਬ ਪੀ ਲੈ, ਧਾਰਮਿਕ ਗ੍ਰੰਥ ਸਾੜ ਦੇਹ, ਧਾਰਮਿਕ ਅਸਥਾਨ ਸਾੜ ਦੇ ਇਹ ਛੋਟੇ ਪਾਪ ਨਹੀਂ, ਇਹ ਬਹੁਤ ਵੱਡੇ ਪਾਪ ਹਨ । ਪ੍ਰਮਾਤਮਾ ਹੋ ਸਕਦਾ ਹੈ ਕਿ ਤੈਨੂੰ ਮੁਆਫ਼ ਕਰ ਦੇਵੇ ਪਰ ਇਕ ਸਭ ਤੋਂ ਵੱਡਾ ਪਾਪ ਹੈ ਉਹ ਭੁਲ ਕੇ ਨਾ ਕਰਨਾ ਉਹ ਕੀਤਾ ਤਾਂ ਰੱਬ ਤੈਨੂੰ ਕਦੀ ਮੁਆਫ਼ ਨਹੀਂ ਕਰੇਗਾ ।

ਮੈ ਖੁਰੋ, ਸੋਜ਼ੋ ਬਾ ਮੁਸਹੱਫ, ਆਤਿਸ਼ ਅੰਦਰ ਕਾਬਾਜ਼ਨ ।
ਹਰ ਚਿ ਖ੍ਵਾਹੀ ਕੁੰਠ, ਵਲੇ, ਦਿਸੇ ਅਜ਼ਾਰ ਮਕੁੰਨ ।

ਦੂਸਰੇ ਦਾ ਦਿਲ ਸਾੜਨ ਵਾਲਾ ਗੁਰੂ ਘਰ ਵਿੱਚ ਪ੍ਰਵਾਨ ਨਹੀਂ । ਭਾਈ ਮਾਹਣੇ ਨੂੰ ਸਤਿਗੁਰੂ ਅੰਗਦ ਦੇਵ ਜੀ ਨੇ ਦਰਬਾਰ ਵਿਚੋਂ ਬਾਹਰ ਕੱਢ ਦਿੱਤਾ ਸੀ ਤੇ ਕਿਹਾ ਸੀ । ਦੂਸਰਿਆਂ ਦਾ ਦਿਲ ਸਾੜਨ ਵਾਲਾ ਸਿੱਖ ਨਹੀਂ । ਤੂੰ ਜੇ ਸੜਨਾ ਹੀ ਹੈ ਤਾਂ ਇੱਕਲਾ ਸੜ ਹੋਰਾਂ ਨੂੰ ਨਾ ਸਾੜ ।

ਕਿਸੇ ਨੇ ਪਿਆਰ ਨਾਲ ਕੜਾਹ ਪ੍ਰਸ਼ਾਦ ਦਿੱਤਾ ਅੱਗੋਂ ਲੈਣ ਵਾਲੇ ਨੇ ਇਨਕਾਰ ਕਰ ਦਿੱਤਾ ਕਿ ਮੈਂ ਨਹੀਂ ਲੈਂਦਾ ਇਹ ਠੀਕ ਪਵਿੱਤਰਤਾ ਨਾਲ ਨਹੀਂ ਬਣਿਆ । ਦੇਣ ਵਾਲੇ ਦੇ ਮਨ ਤੇ ਕੀ ਗੁਜ਼ਰੇਗਾ । ਜਿਹੜਾ ਕੜਾਹ ਪ੍ਰਸਾਦ ਸਤਿਗੁਰੂ ਦੀ ਹਜ਼ੂਰੀ ਵਿੱਚ ਆਇਆ ਤੇ ਅਰਦਾਸ ਹੋਈ । ਹੁਕਮਨਾਮੇ ਰਾਹੀਂ ਗੁਰੂ ਨੇ ਪ੍ਰਵਾਨਗੀ ਵੀ ਦੇ ਦਿੱਤੀ ਜੇ ਕੜਾਹ ਪ੍ਰਸ਼ਾਦ ਅਜੇ ਵੀ ਪ੍ਰਵਾਨ ਤੇ ਪਵਿੱਤਰ ਨਹੀਂ ਹੋਇਆ ਫਿਰ ਸੋਚਣਾ ਪਵੇਗਾ ਕਿ ਜਿਹੜਾ ਸਤਿਗੁਰੂ ਕੜਾਹ ਪ੍ਰਸ਼ਾਦ ਹੀ ਪਵਿੱਤਰ ਨਹੀਂ ਕਰ ਸਕਿਆ ਉਹ ਪਤਿਤਾਂ ਨੂੰ ਪਾਵਨ ਕਿਵੇਂ ਕਰੇਗਾ । ਸਤਿਗੁਰੂ ਤਾਂ ਐਸਾ ਪਾਰਸ ਹੈ ਜੋ ਲੋਹੇ ਨੂੰ ਸੋਨਾ ਕਰ ਦਿੰਦਾ ਹੈ । ਵਾਂਸਾਂ ਵਿੱਚ ਵੀ ਸੁਗੰਧੀ ਭਰ ਦਿੰਦਾ ਹੈ । ਨਿਕੰਮਿਆਂ ਨੂੰ ਵੀ ਕੰਮ ਦੇ ਬਣਾ ਦਿੰਦਾ ਹੈ । ਭਾਈ ਗੁਰਦਾਸ ਜੀ ਲਿਖਦੇ ਹਨ –

ਸਤਿਗੁਰ ਪਾਰਸਿ ਪਰਸਿਐ ਕੰਚਨੁ ਕਰੈ ਮਨੂਰ ਮਲੀਣਾ।
ਸਤਿਗੁਰ ਬਾਵਨੁ ਚੰਦਨੋ ਵਾਸੁ ਸੁਵਾਸੁ ਕਰੈ ਲਾਖੀਣਾ।
ਸਤਿਗੁਰ ਪੂਰਾ ਪਾਰਿਜਾਤੁ ਸਿੰਮਲੁ ਸਫਲੁ ਕਰੈ ਸੰਗਿ ਲੀਣਾ।
ਮਾਨ ਸਰੋਵਰੁ ਸਤਿਗੁਰੂ ਕਾਗਹੁ ਹੰਸ ਜਲਹੁ ਦੁਧੁ ਪੀਣਾ।
ਗੁਰ ਤੀਰਥੁ ਦਰੀਆਉ ਹੈ ਪਸੂ ਪਰੇਤ ਕਰੈ ਪਰਬੀਣਾ।
ਸਤਿਗੁਰੁ ਬੰਦੀਛੋੜੁ ਹੈ ਜੀਵਣ ਮੁਕਤਿ ਕਰੈ ਓਡੀਣਾ।
ਗੁਰਮੁਖਿ ਮਨ ਅਪਤੀਜੁ ਪਤੀਣਾ ॥੨੦॥ – (ਵਾਰ ੨੬ ਪਉੜੀ ੨੦)

ਬ੍ਰਾਹਮਣਵਾਦ ਤੇ ਕਰਮਕਾਂਡ ਸਾਡੇ ਵਿੱਚ ਵੀ ਆ ਪੁੱਜਾ ਹੈ । ਇਸ ਤੋਂ ਬਹੁਤ ਸੁਚੇਤ ਹੋਣ ਦੀ ਲੋੜ ਹੈ ਅਤੇ ਇਕ ਅਫਸੋਸਨਾਕ ਹੋਰ ਗੱਲ ਹੈ ਕਿ ਕੌਮ ਨੂੰ ਕੁਝ ਬੰਦੇ ਸਿਰਫ਼ ਇਕ ਰਸਮ ਵਿਚੋਂ ਗੁਜ਼ਾਰ

ਕੇ ਹੀ ਸਮਝਦੇ ਹਨ ਅਸੀਂ ਸਿੱਖ ਸਜਾ ਦਿੱਤੇ ਹਨ । ਉਨ੍ਹਾਂ ਦੇ ਮਨ ਵਿੱਚ ਸਿਰਫ਼ ਆਪਣੇ ਨਾਮਣੇ ਦੀ ਲਾਲਸਾ ਹੈ ਕਿ ਮੇਰੀਆਂ ਖ਼ਬਰਾਂ ਅਖ਼ਬਾਰਾਂ ਵਿੱਚ ਲੱਗ ਜਾਣ ਕਿ ਇੰਨਿਆਂ ਨੂੰ ਅੰਮ੍ਰਿਪਾਨ ਕਰਵਾ ਦਿੱਤਾ ਹੈ । ਜਦੋਂ ਉਹ ਬੰਦੇ ਗੁਰਮਤਿ ਦੀ ਕਸਵੱਟੀ ਤੇ ਲੱਗਦੇ ਹਨ ਤਾਂ ਉਨ੍ਹਾਂ ਕੋਲ ਭਰਮ ਤੋਂ ਬਿਨਾਂ ਹੋਰ ਕੁਝ ਨਹੀਂ ਨਿਕਲਦਾ ।

ਮੈਂ ਥਾਂ-ਥਾਂ ਤੇ ਫਿਰ ਕੇ ਹੈਰਾਨ ਹੋਇਆ ਹਾਂ ਕਿ ਜੁਗੋਂ ਜੁਗ ਅਟਲ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸ਼ਾਮੀਂ ਸਮਾਪਤੀ ਵੇਲੇ ਖ਼ਾਲੀ ਪਾਲਕੀ ਦੀਆਂ ਪ੍ਰਕਰਮਾ ਕਰਵਾਈਆਂ ਜਾਂਦੀਆਂ ਹਨ । ਮੈਂ ਥਾਂ-ਥਾਂ ਤੇ ਸੁਚੇਤ ਕੀਤਾ ਬਹੁਤ ਥੋੜ੍ਹੇ ਸਮਝਦਾਰ ਸਿੱਖਾਂ ਨੇ ਇਸ ਗੱਲ ਨੂੰ ਮੰਨਿਆ ਤੇ ਉਸੇ ਦਿਨ ਤੋਂ ਅਮਲ ਸ਼ੁਰੂ ਹੋ ਗਿਆ । ਸਮਾਪਤੀ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਸੇ ਤਰ੍ਹਾਂ ਲੈ ਜਾਣਾ ਚਾਹੀਦਾ ਹੈ ਜਿਵੇਂ ਸਚਖੰਡ ਹਰਿਮੰਦਰ ਸਾਹਿਬ ਦੀ ਪਰੰਪਰਾ ਹੈ ।

ਕੁਝ ਸੱਜਣਾਂ ਨੇ ਮੰਨ ਲਿਆ ਤੇ ਵਿਛੀਆਂ ਚਾਦਰਾਂ ਤੇ ਪਾਣੀ ਛਿੜਕਣਾ ਬੰਦ ਕਰ ਦਿੱਤਾ ਪਰ ਕੁਝ ਤਾਂ ਅਜੇ ਵੀ ਛਿੜਕੀ ਜਾ ਰਹੇ ਹਨ । ਮੈਂ ਪੁਛਦਾ ਹਾਂ ਜੇ ਤੁਸੀਂ ਪਵਿੱਤਰਤਾ ਲਈ ਪਾਣੀ ਛਿੜਕਦੇ ਹੋ ਤਾਂ ਫਿਰ ਗੁਰਦੁਆਰੇ ਦੇ ਅੰਦਰ ਤੇ ਪਵਿੱਤਰਤਾ ਪਹਿਲਾਂ ਹੀ ਹੈ । ਰਸਤਾ ਸਾਫ਼ ਤਾਂ ਇਹ ਪਾਣੀ ਕਰ ਕੋਈ ਨਹੀਂ ਰਿਹਾ ।

ਜੇ ਅਦਬ ਦੀ ਗੱਲ ਕਰੀਏ ਤਾਂ ਅਦਬ ਲਈ ਤੁਸੀਂ ਹੱਥ ਜੋੜਕੇ ਸ਼ਬਦ ਪੜ੍ਹਦੇ ਹੋ, ਮੱਥਾ ਟੇਕ ਰਹੇ ਹੋ, ਇਸ ਤੋਂ ਵੱਡਾ ਅਦਬ ਪਾਣੀ ਛਿੜਕਣ ਨਾਲ ਕਿਵੇਂ ਹੋਵੇਗਾ ।

ਜੇ ਅਸੀਂ ਗੁਰਮਤਿ ਨੂੰ ਸਮਝਿਆ ਹੋਵੇ ਤਾਂ ਸਫਾਈ ਤੇ ਸੁੱਚ ਦੇ ਭੇਦ ਨੂੰ ਸਮਝ ਜਾਣਾ ਪਹਿਲੀ ਗੱਲ ਹੋਵੇਗੀ ਕਿ ਦੂਸਰੇ ਦੇ ਹੱਥ ਆਪਣੇ ਨਾਲੋਂ ਪਵਿੱਤਰ ਹੀ ਦਿੱਸਣਗੇ । ਇਕ ਸਿੱਖ ਗੁਰੂ ਅਰਜਨ ਦੇਵ ਜੀ ਨੂੰ ਕਹਿ ਬੈਠਾ ਸੀ ਕਿ ਪਾਤਸ਼ਾਹ ਮੇਰੇ ਘਰੋਂ ਤੁਹਾਨੂੰ ਬਿਲਕੁਲ ਸੁੱਚਾ ਤੇ ਪਵਿੱਤਰ ਲੰਗਰ ਮਿਲੇਗਾ, ਮੇਰੇ ਘਰ ਬੱਚਾ ਕੋਈ ਨਹੀਂ । ਸਤਿਗੁਰਾਂ ਨੇ ਉਸ ਘਰੋਂ ਲੰਗਰ ਨਹੀਂ ਸੀ ਛਕਿਆ ।

ਪੰਥ ਪ੍ਰਕਾਸ਼ ਦੇ ਕਰਤਾ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਜ਼ਕਰੀਆ ਖ਼ਾਨ ਨਾਦਰ ਸ਼ਾਹ ਨੂੰ ਸਿੱਖਾਂ ਦਾ ਹਾਲ ਸੁਣਾਉਂਦਿਆਂ ਕਹਿ ਰਿਹਾ ਸੀ –

ਆਬੇ ਹਯਾਹ ਪਿਲਾਵਤ ਤਾਹੂ ।ਇਕ ਹੀ ਬਰਤਨ ਮਹਿ ਸਭ ਕਾਹੂ
ਖਾਨਾ ਭੀ ਇਕਠੇ ਸਭ ਖੈਹੈ ।ਸ਼ਕੇ ਬੀਰ ਆਪਸ ਮੇ ਥੈ ਹੈ ।
ਜਾਤ ਗੋਤ ਕੁਲ ਕਿਰਿਆ ਨਾਮ ।ਕਰਮ ਧਰਮ ਪਿਤ ਮਾਤਾ ਕਾਮ ।
ਪਿਛਲੇ ਸੋ ਤਜ ਦੇਤ ਤਮਾਮ ।

ਸਾਡੇ ਅੱਗੇ ਬਹੁਤ ਵੱਡੀ ਵੰਗਾਰ ਹੈ ਕਿ ਜੋ ਅੰਮ੍ਰਿਤ ਛੱਕ ਕੇ ਵੀ ਖਾਲਸਾ ਫਿਰ ਖੱਤਰੀ-ਖੱਤਰੀ, ਜੱਟ-ਜੱਟ, ਨਾਈ-ਨਈ, ਛੀਂਬਾ-ਛੀਂਬਾ, ਝੀਵਰ-ਝੀਵਰ ਹੀ ਹੈ ਤਾਂ ਫਿਰ ਇਹ ਗੁਰੂ ਕਾ ਪਿਆਰਾ ਨਹੀਂ ਬਣਿਆ । ਫਿਰ ਇਹ ਖਾਲਸਾ ਨਹੀਂ ਇਸ ਨੇ ਅੰਮ੍ਰਿਤਪਾਨ ਨਹੀਂ ਕੀਤਾ । ਜੇ ਛੂਤ-ਛਾਤ ਕਾਇਮ ਹੈ ਜਿਸ ਨੂੰ ਕਿ ਅੱਜ ਵਿਦੇਸ਼ਾਂ ਵਿੱਚ ਕੋਈ ਥਾਂ ਨਹੀਂ । ਜੇ ਇਹ ਊਂਚ-ਨੀਚ ਦਾ ਕਾਇਲ ਹੈ ਤਾਂ ਜੀਵਨ ਖਾਲਸਾ ਨਹੀਂ । ਜਿਸ ਦਿਨ ਜੀਵਨ ਵਿਚੋਂ ਖੋਟ ਮੁਕਦਾ ਹੈ ਸੁੱਚ ਭਿੱਟ ਛੂਤ-ਛਾਤ ਨਹੀਂ ਰਹਿੰਦੀ, ਸਿੰਘ ਸਿੰਘ ਨਾਲ ਪਿਆਰ ਕਰੇਗਾ ਨਫ਼ਰਤ ਘਿਰਣਾ ਵਿਤਕਰਾ ਨਹੀਂ ਹੋਵੇਗਾ । ਯਾਦ ਰੱਖਣਾ, ਛੂਤ-ਛਾਤ ਤੇ ਖਾਲਸਾ ਇਕੱਠੇ ਨਹੀਂ ਰਹਿ ਸਕਦੇ ।

ਧੰਨਵਾਦਿ ਸਾਹਿਤ ਵਿਚੋਂ :- ਗਿ: ਜਸਵੰਤ ਸਿੰਘ ਪ੍ਰਵਾਨਾ

# ਰਾਗ ਕਲਿਆਣ

ਪ੍ਰੋ. ਜਸਵਿੰਦਰ ਸਿੰਘ
98141-85854

ਰਾਗ ਕਲਿਆਣ ਥਾਟ-ਕਲਿਆਣ ਸੁਰ - ਮਧਿਅਮ ਤੀਵਰ ਬਾਕੀ ਸ਼ੁਧ
ਜਾਤੀ - ਸੰਪੂਰਨ ਸੰਪੂਰਨ ਵਰਜਿਤ ਸੁਰ - ਕੋਈ ਨਹੀ ਵਾਦੀ ਸੁਰ-ਗੰਧਾਰ
ਸੰਵਾਦੀ ਸੁਰ-ਨਿਸ਼ਾਦ ਸਮਾਂ - ਰਾਤ ਦਾ ਪਹਿਲਾ ਪਹਿਰ ।
ਆਰੋਹ -ਸ, .ਨੀ ਰੇ ਗ, ਮੇ ਪ, ਮੇ ਧ ਨੀ ਸਂ ।
ਅਵਰੋਹ -ਸਂ ਨੀ ਧ ਪ, ਮੇ ਗ, ਰੇ ਸ ।
ਪਕੜ -.ਨੀ ਰੇ ਗ, ਰੇ ਸ, ਪ ਮੇ ਗ ਰੇ, .ਨੀ ਰੇ ਸ ।

## ਰਾਗ ਕਲਿਆਣ ਖਿਆਲ ਅੰਗ ਇੱਕ ਤਾਲ ਵਿਲੰਬਿਤ

| 1 2<br>X | 3 4<br>0 | 5 6<br>2 | 7 8<br>0 | 9 10<br>3 | 11 12<br>4 |
|---|---|---|---|---|---|
| | | | | | .ਨੀ-.ਧ- .ਨੀਰੇਗਰੇ<br>ਕsਬੀs ਰsss |
| ਗ-ਗ- ਰੇ-ਗਗ<br>ਮੇsss ਰੀsss | ਰੇਰੇਸਸ .ਨੀਰੇਗ-<br>ਜਾssਤਿ ਕਉss | ਮੇ-ਗ- ਮੇ-ਪ-<br>ਸsਭs ਕੋsss | ਮੇਧਪ- ਨੀ-ਧਪ<br>ਹsਸs ਨੇsss | ਮੇ-ਗ- ਰੇ-ਸ-<br>ਹਾsss ਰsss | |
| | | | | | ਪ-ਮੇਗ ਮੇਧਨੀ-<br>ਬsਲਿs ਹਾsਰੀs |
| ਸਂ-ਸਂ- ਨੀ--ਸਂ<br>ਇsਸs ਜਾssਤਿ | ਨੀਰੇਂਸਂਸਂ ਨੀਰੇਂਗਂਰੇਂ<br>ਕਉss ਜਿsਹs | ਸਂ-ਨੀਸਂ ਨੀ-ਧ-<br>ਜsਪਿs ਓsss | ਪ-ਮੇਪ ਮੇ-ਗ-<br>ਸਿsਰs ਜsਨs | ਰੇ-ਸ- .ਨੀਰੇਸ-<br>ਹਾsss ਰsss | |

ਆਲਾਪ

ਤੀਜੀ ਮਾਤਰਾ ਤੋਂ: ਸ-.ਨੀ.ਧ .ਨੀਰੇਸ- .ਨੀਰੇਗ- ਮੇ-ਗ- ਮੇ-ਪ- ਮੇਧਪ- ਮੇਗਰੇ- .ਨੀਰੇਸ-
ਸ-ਰੇਸ .ਨੀਰੇਗ- ਰੇਮੇਗ- ਮੇਪਧਪ ਮੇਧਨੀ- ਸਂ-ਨੀਸਂ
ਨੀਧਪ- ਮੇਗਰੇਸ

ਤਾਨਾਂ ਗਗਰੇਸ.ਨੀਰੇਗਰੇ ਮੇਗਪਮੇਧਪਮੇਗ ਪਪਮੇਗਰੇਗਮੇਗ ਪਮੇਧਪਨੀਧਪਮੇ
ਨੀਨੀਧਪਮੇ ਗਪਮੇ ਧਪਨੀਧਸਂਨੀਧਪ ਨੀਰੇਂਗਂਰੇਂਸਂਨੀਧਪ
ਮੇਗਪਮੇਗਰੇਸਸ

ਤੀਜੀ ਮਾਤਰਾ ਤੋਂ -: ਮੇਮੇਗਮੇਗਰੇਗਗ ਰੇਗਰੇਸ.ਨੀਰੇਸਸ ਧਧਪਧਪਮੇਪਪ ਮੇਪਮੇਗਮੇਮੇਗਮੇ
ਗਰੇ.ਨੀਰੇਸਸਸਂਸਂ ਨੀਸਂਨੀਧਨੀਨੀਧਨੀ ਧਪਮੇਮੇਗਮੇਗਰੇ ਗਗਰੇਸ.ਨੀਰੇਸਸ
ਮੇਪਪਮੇਪਪਮੇਪ ਮੇਗਰੇਸਪਧਧਪ ਧਧਪਧਪਮੇਗਰੇ ਧਨੀਨੀਧਨੀਨੀਧਨੀ ਧਪਮੇਗਨੀਸਂਸਂਨੀ
ਸਂਸਂਨੀਰੇਂਸਂਨੀਧਪ ਗਮੇਮੇਗਮੇਮੇਗਮੇ ਗਗਰੇਸ.ਨੀਰੇਸਸ

ਤਿਹਾਈ .ਨੀ-.ਧ-.ਨੀਰੇਗਰੇ .ਨੀ-.ਧ-.ਨੀਰੇਗਰੇ .ਨੀ-.ਧ-.ਨੀਰੇਗਰੇ
੧੦ਵੀਂ ਮਾਤਰਾ ਤੋਂ: ਕsਬੀsਰsss ਕsਬੀsਰsss ਕsਬੀsਰsss

ਪੰਨਾ ੧੩੬੪ ਸਲੋਕ ਕਬੀਰ ਜੀ ॥ ਕਬੀਰ ਮੇਰੀ ਜਾਤਿ ਕਉ ਸਭੁ ਕੋ ਹਸਨੇਹਾਰੁ ॥ ਬਲਿਹਾਰੀ ਇਸ ਜਾਤਿ ਕਉ ਜਿਹ ਜਪਿਓ ਸਿਰਜਨਹਾਰੁ ॥੨॥

# ਗਤੀਵਿਧੀਆਂ

## ਨਾਨਕਸ਼ਾਹੀ ਜੰਤਰੀ ਅਨੁਸਾਰ ਜੇਠ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-

ਨਾਨਕਸ਼ਾਹੀ ਜੰਤਰੀ ਅਨੁਸਾਰ ਪਹਿਲੀ ਤਰੀਕ ਦਾ ਸਮਾਗਮ ਮਿਤੀ 12-05-2017 ਤੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਅਰੰਭਤਾ ਨਾਲ ਸ਼ੁਰੂ ਹੋਇਆ । ਪਾਠ ਦੇ ਭੋਗ 14-05-2017 ਨੂੰ ਸਵੇਰ ਦੇ ਸਮੇਂ ਪਾਏ ਗਏ।

ਮਿਤੀ 14-05-2017 ਦਿਨ ਐਤਵਾਰ ਸ਼ਾਮ ਨੂੰ 6.30 ਤੋਂ 9.00 ਵਜੇ ਤੱਕ '**ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭ ਨਿਵੰਨਿ "** ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਆਯੋਜਿਤ ਕੀਤਾ ਗਿਆ। ਕੀਰਤਨ ਦੀ ਸੇਵਾ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਦੇ ਵਿਦਿਆਰਥੀਆਂ ਨੇ ਨਿਭਾਈ ਤੇ ਕਥਾ ਦੀ ਸੇਵਾ ਭਾਈ ਹਰਵੀਰ ਸਿੰਘ ਨੇ ਨਿਭਾਈ ।ਸਮਾਪਤੀ ਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ।

**ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਸ਼ਹੀਦੀ ਪੁਰਬ -: ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਮਨਾਉਦੇ ਹੋਏ ਇਸਤਰੀ ਸਤਿਸੰਗ ਸਭਾ ਗੁਰਦੁਆਰਾ ਗੁਰਮਤਿ ਪ੍ਰਸਾਰ ਭਵਨ ਵਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੀ ਲੜੀ ਅਰੰਭ ਕੀਤੀ ਗਈ ਸੀ । ਲੜੀ ਦੀ ਸੰਪੂਰਨਤਾ 29-5-2017 ਸੋਮਵਾਰ ਨੂੰ ਸ੍ਰੀ ਗੁਰੂ ਅਰਹਜੁਨ ਦੇਵ ਹੀ ਦੇ ਸਹੀਦੀ ਦਿਵਸ ਵਾਲੇ ਦਿਨ ਕੀਤੀ ਗਈ । ਉਪਰੰਤ ਗੁਰਮਤਿ ਸਮਾਗਮ 11 ਵਜੇ ਤੱਕ ਹੋਏ ਜਿਸ ਵਿੱਚ ਇਸਤਰੀ ਸਤਿਸੰਗ ਸਭਾ ਅਤੇ ਗੁਰਮਤਿ ਪ੍ਰਸਰ ਟ੍ਰੇਨਿੰਗ ਇਨਸਟੀਚਿਊਟ ਦੇ ਵਿਦਿਆਰਥੀਆਂ ਅਤੇ ਕਾਕਾ ਕੰਵਰਜੀਤ ਸਿੰਘ ਕੇਨੇਡਾ ਦੁਆਰਾ ਕੀਰਤਨ ਕੀਤਾ ਗਿਆ** ਤੇ ਕਥਾ ਦੀ ਸੇਵਾ ਭਾਈ ਹਰਵੀਰ ਸਿੰਘ ਨੇ ਨਿਭਾਈ । **ਮਿੱਠੇ ਜਲ ਦੀ ਛਬੀਲ ਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ ।**









1. **ਗੁਰਮਤਿ ਸਮਰ ਕੈਂਪ:** ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਵਲੋਂ ਬੱਚਿਆਂ ਨੂੰ ਗੁਰਮਤਿ ਨਾਲ ਜੋੜਨ ਲਈ ਗੁਰਮਤਿ ਕਲਾਸਾ ਮਿਤੀ 1 ਜੂਨ ਤੋਂ 24 ਜੂਨ 2017 ਤੱਕ ਹਰ ਰੋਜ ਸਵੇਰੇ ਗੁਰਮਤਿ ਪ੍ਰਸਾਰ ਭਵਨ ਛੱਜੂ ਮਾਜਰਾ ਰੋਡ ਮੁੰਡੀ ਖਰੜ ਸਵੇਰੇ 7.30 ਤੋਂ 9.30 ਵਜੇ ਤੱਕ ਲਗਾਈਆਂ ਜਾਣਗੀਆਂ । 25 ਤਰੀਕ ਸ਼ਾਮ 5 ਵਜੇ ਤੋਂ 9.00 ਵਜੇ ਤੱਕ ਕਲਾਸਾਂ ਲਗਾਉਣ ਵਾਲੇ ਬੱਚਿਆਂ ਵਲੋਂ ਪ੍ਰੋਗਰਾਮ ਕੀਤਾ ਜਾਵੇਗਾ ਅਤੇ ਬੱਚਿਆਂ ਨੂੰ ਸਨਮਾਨਿਤ ਕੀਤਾ ਜਾਵੇਗਾ। 8.00 ਵਜੇ ਤੋਂ 9.00 ਵਜੇ ਤੱਕ ਗੱਤਕੇ ਦੇ ਜੋਹਰ ਦਿਖਾਏ ਜਾਣਗੇ ।

## ਜੂਨ ਮਹੀਨੇ ਦੇ ਸਮਾਗਮ –:

ਨਾਨਕਸ਼ਾਹੀ ਜੰਤਰੀ ਅਨੁਸਾਰ ਜੇਠ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ ਮਿਤੀ 15-06-2017 ਦਿਨ ਸੁੱਕਰਵਾਰ ਸ਼ਾਮ 6.30 ਤੋਂ 9.00 ਵਜੇ ਤੱਕ " **ਅਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨ੍ਾ ਪਾਸਿ** "॥ ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾਂ ਰੋਡ,ਸਾਹਮਣੇ ਸੰਨੀ ਇਨਕਲੇਵ ਮੁੰਡੀ ਖਰੜ ਵਿਖੇ ਆਯੋਜਿਤ ਕੀਤਾ ਜਾਵੇਗਾ।ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ ।

## ਧੰਨਵਾਦਿ :

### ਮਈ 2017 ਵਿਚ ਪ੍ਰਾਪਤ ਸਹਾਇਤਾ ਦਾ ਵੇਰਵਾ:–

| | | |
|---|---|---|
| 1. | Bhai Balwinder Singh/Mundi Kharar | 500/- |
| 2. | Smt. Tripta Chopra #139/1/Sector- 45A/Chd | 500/- |
| 3. | Col. H.S Uppal #306/Sec. 33A/Chd | 40,000/- |
| 4. | S. Harjinder Singh/ Mundi Kharar | 500/- |
| 5. | S. D.P Singh #393/Phase 9/Mohali | 1,200/- |
| 6. | Dr. Saranjit Singh #2817/Phase-7/Mohali | 2,000/- |
| 7. | S. Dhanwant Singh #447/Phase -4/Mohali | 500/- |
| 8. | S. Narinder Bir Singh #1444/Sec. 34C/Chd | 2,000/- |
| 9. | Bibi Daljit Kaur Oberoi #278/Sec. 33A/Chd | 2,000/- |
| 10. | Bhai Ranjit Singh/Jirakhpur | 200/- |
| 11. | Bibi Surjit Kaur #1444/Sec. 34C/Chd | 7,100/- |
| 12. | S. Dharam Singh # 37/Kharar | 1,000/- |
| 13. | Bibi Narinder Kaur #800/Sec. 43A/Chd | 600/- |
| 14. | Dr. Negi #1016/Phase VII/Mohali | 100/- |
| 15. | Bibi Rajleen Kaur #836/Phase II/Mohali | 500/- |
| 16. | Bibi. Harleen Kaur Sarna #107G, Shivalik Vihar Naya Goan, Mohali | 500/- |
| 17. | S. Harsharnpal Singh Bhatia #461/Sec. 44A | 1,000/- |
| 18. | Bibi Gurdeep Kaur #461/Sec 44A/Chd | 1,000/- |
| 19. | S. Rajinder Singh Sarna #107G, Shivalik Vihar Naya Goan, Mohali | 2000/- |
| 20. | Bibi Harpreet Kaur #461/Sec 44A/Chd | 1,000/- |
| 21. | S. Jaswant Singh/Kharar | 200/- |
| 22. | Bibi Surinder jit Kaur # 22, marigold Enclave | 3500/- |
| 23. | Bibi Nariner kaur ,Delhi | 10,500 |
| 24. | S. Agam Singh/Mundi Kharar | 100/- |
| 25. | S. Mohinder Singh/Mundi Kharar | 100/- |
| 26. | S. Omkar Singh/Mundi Kharar | 100/- |
| 27. | S. Harjinder Singh/Mundi Kharar | 100/- |
| 28. | S. Dilbagh Singh/ Satkar Properties/M.Kharar | 500/- |
| 29. | S. Manvirr Singh/Mundi Kharar | 101/- |
| 30. | S. Nirmal Singh/Mundi Kharar | 100/- |
| 31. | S. Guntaj Singh/Mundi Kharar | 100/- |
| 32. | S. Hari Singh/Mundi Kharar | 100/- |
| 33. | Bibi Harsharan Kaur Sethi #1440/ Sec.- 34C | 500/- |
| 34. | S. Birinder Singh # 6A/Sunny Enclave/Kharar | 500/- |
| 35. | All Indian Sikh Federation(Regd.) D-9(G.F.) Green Park Main New Delhi | 11,000/- |
| 36. | M/S Quick Dry Cleaners/S.C.F- 31/Phase-2 | 5,000/- |
| 37. | S. Jeevanjot Singh/ Pind- Pateri/Distt. Udam Singh Nagar/U.K. | 2,000/- |
| 38. | S. Prem Singh Premi/Sector-22D/Chd | 2,500/- |
| 39. | S. Gurdip Singh #119/Phase -6/Mohali | 15,000/- |
| 40. | S. Tarunpal Singh #2506/Phase -7/Mohali | 15,000/- |
| 41. | S. Gurpal Singh/Mundi Kharar | 200/- |
| 42. | S. Kuldeep Singh #1999/Phase -10/Mohali | 15,000/- |
| 43. | Dr. Darshanjot Kaur #1999/Phase -10/Mohali | 15,000/- |
| 44. | S. Manjit Singh #143/1/Sector- 45A/Chd | 15,000/- |
| 45. | Bibi Hardeep Kaur Saluja #53/Sector-70 | 15,000/- |
| 46. | S. Jagjit Singh #25/Phase -7/Mohali | 1,000/- |
| 47. | S. Dilbagh Singh/ Satkar Properties | 1,100/- |
| 48. | S. Darshan Singh/ H.M.T. Colony/ | 150/- |
| 49. | S. Jagjit Singh/ Mundi Kharar | 100/- |
| 50. | Ved Parkash/401/Phase-3BI/Mohali | 500/- |
| 51. | Bibi Karamjit Kaur/Mundi Kharar | 100/- |
| 52. | Bibi Manjit Kaur Bindra #1655/Sec.34D/Chd | 2,000/- |
| 53. | Bibi Daljit Kaur Oberoi #278/Sec. 33A/Chd | 2,000/- |
| 54. | Dr. Daljit Kaur #1549/Sec. 34D/Chd | 1,100/- |

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

## ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

HELP NEEDY

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਮਈ ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 70 | 124 | 194 |
| 2 | Eye | 20 | 42 | 62 |
| 3 | Cardiology | 08 | 52 | 60 |
| 4 | Dental | 33 | 72 | 105 |
| 5 | Gynaecology | 12 | 26 | 38 |
| 6 | Homoeopathy | 39 | 274 | 313 |
| 7 | Physiotherapy | 09 | 57 | 66 |
| | Total | 191 | 647 | 838 |
| | Laboratory | 44 | - | 44 |

ੴ ਵਾਹਿਗੁਰੂ ਜੀ ਕੀ ਫਤਹਿ॥

**ਬੱਚਿਆਂ ਨੂੰ ਗੁਰਮਤਿ ਨਾਲ ਜੋੜਨ ਲਈ ਗੁਰਮਤਿ ਪ੍ਰਸਾਰ ਭਵਨ ਵਿਖੇ ਮਿਤੀ 1-06-2017 ਤੋਂ 24-06-2017 ਤੱਕ ਲਗਾਈਆਂ ਗਈਆਂ ਗੁਰਮਤਿ ਕਲਾਸਾਂ ਦੀ ਸੰਪੂਰਨਤਾ ਤੇ**

# ਸ਼ੁਕਰਾਨਾ ਸਮਾਗਮ

**ਮਿਤੀ**
25 ਜੂਨ 2017
(ਐਤਵਾਰ)

**ਸਥਾਨ**
ਗੁਰਮਤਿ ਪ੍ਰਸਾਰ ਭਵਨ
ਛੱਜੂ ਮਾਜਰਾ ਰੋਡ, ਮੁੰਡੀ ਖਰੜ

**ਸਮਾਂ**
ਸ਼ਾਮ 5.00 ਵਜੇ
ਤੋਂ 9.30 ਵਜੇ ਤੱਕ

**ਇਸ ਸਮਾਗਮ ਵਿੱਚ ਕਲਾਸਾਂ ਲਗਾਉਣ ਵਾਲੇ ਬੱਚਿਆਂ ਦੁਆਰਾ ਪਾਠ, ਕੀਰਤਨ, ਕਵਿਤਾ ਦੁਆਰਾ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ**

**ਗੱਤਕਾ – ਗੁਰਮਤਿ ਪ੍ਰਸਾਰ ਗੱਤਕਾ ਟੀਮ ਦੁਆਰਾ ਗੱਤਕੇ ਦੇ ਜੋਹਰ ਸ਼ਾਮ 8.00 ਵਜੇ ਤੋਂ 9.00 ਵਜੇ ਤੱਕ ਦਿਖਾਏ ਜਾਣਗੇ ।**

**ਚਰਨੀ ਲਗੋ ਸਮਾਗਮ**

ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨੀ ਲਗਾਇਆ ਜਾਵੇਗਾ
(ਸਹਿਜ ਪਾਠ ਅਰੰਭ ਕਰਵਾਏ ਜਾਣਗੇ) ।
ਗੁਰੂ ਗ੍ਰੰਥ ਸਾਹਿਬ ਦੇ ਚਰਨੀ ਲੱਗਣ ਲਈ ਵੱਧ ਤੋਂ ਵੱਧ ਆਪਣੇ ਨਾਮ ਦਰਜ ਕਰਵਾਓ ।

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।